


The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar




Vol: 9 No: 216 Website : www.punjabiakhbaar.ca Emaiĺ: editor@punjabiakhbaar.ca Friday, 24 March 2023

## ਏਅਰ ਇੰਡੀਆ ਦੇ ਖਸਤਾ ਹਾਲਤਾਂ ਵਿਚ ਉੱਡਦੇ ਜਹਾਜ ਸਵਾਰੀਆਂ ਲਈ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਜੇ ਕੁੱਝ ਦਿਨ ਪਹਿਲਾਂ ਹੀ ਕੈਨੇਡਾ ਦੇ ਟ੍ਰਾਂਸਪੋਰਟ ਮੰਤਰੀ ਓਮਰ ਅਲਗਬਰਾ ਵੱਲੋਂ ਹਵਾਈ ਕੰਪਨੀਆਂ ਦੁਆਰਾ ਯਾਤਰੀਆਂ ਦੀ ਹੋ ਰਹੀ ਖੱਜਲਖੁਆਰੀ ਨੂੰ ਨੱਥ ਪਾਉਣ ਲਈ 76 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਕੈਨੇਡੀਅਨ ਟਰਾਂਸਪੋਰਟ ਏਜੰਸੀ ਵੱਲੋਂ ਕਈ ਏਅਰ ਲਾਈਨਾਂ ਨੂੰ ਜੁਰਮਾਨੇ ਕਰਨ ਦੀਆਂ ਖਬਰਾਂ ਸਾਹਮਣੇ ਆਈਆਂ ਸਨ। ਇਸੇ ਦੌਰਾਨ ਵੈਨਕੂਵਰ ਦੇ ਹਵਾਈ ਅੱਡੇ ਤੇ ਏਅਰ ਇੰਡੀਆ ਦੇ ਯਾਤਰੀਆਂ ਦੀ 24 ਘੰਟੇ ਤੱਕ ਹੋਈ ਖੱਜਲ-ਖੁਆਰੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਏਅਰ ਇੰਡੀਆ ਦੇ ਜਹਾਜਾਂ ਦੀ ਸਫਰ ਦੌਰਾਨ ਗੱਲ ਕਰਨੀ ਹੋਵੇ ਤਾਂ ਇਹ ਗੱਲ ਸਾਹਮਣੇ ਆਈ ਹੈ ਕਿ ਉਹਨਾਂ ਦੀਆਂ ਸੀਟਾਂ ਉੱਪਰ ਲੱਗੀਆਂ ਸਕਰੀਨਾ ਨਹੀਂ ਚਲਦੀਆਂ ਹੁੰਦੀਆਂ ਸੁਰੱਖਿਆ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਜਹਾਜ ਦੇ ਉਡਾਣ ਭਰਨ ਤੋਂ ਪਹਿਲਾਂ ਐਮਰਜੈਂਸੀ ਹਾਲਤਾਂ ਵਿੱਚ ਜਹਾਜ ਦੇ ਮੁਸਾਫਿਰਾਂ ਨੇ ਕੀ ਕਰਨਾ ਹੈ ਇਸ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ ਜੋ ਕਿ ਨਾਲੋ ਨਾਲ ਸਕਰੀਨਾਂ ਉੱਪਰ ਵੀ ਚਲਦੀ ਹੁੰਦੀ ਹੈ ਪਰ ਜਹਾਜ ਦੀਆਂ ਸਕਰੀਨਾਂ ਦੇ ਨਕਾਰਾ ਹੋਣ ਕਾਰਣ ਮੁਸਾਫਿਰ ਉਸ ਜਾਣਕਾਰੀ ਤੋਂ ਵਾਂਝੇ ਰਹਿ ਜਾਂਦੇ ਹਨ। ਸਫਰ ਦੌਰਾਨ ਕਿਤਾਬ ਜਾਂ ਕੋਈ ਹੋਰ ਸਮੱਗਰੀ ਪੜ੍ਹਨ ਲਈ ਕੋਈ ਵੀ ਲਾਈਟ ਨਹੀਂ ਜਗਦੀ ਹੁੰਦੀ। ਫਲਾਈਟਾਂ 15-15 ਘੰਟੇ ਲੇਟ ਹੋ ਰਹੀਆਂ ਹਨ ਪਰ ਏਅਰ ਇੰਡੀਆ ਦੇ ਅਮਲੇ ਵੱਲੋਂ ਕੋਈ ਵੀ ਜਾਣਕਾਰੀ ਕਿਸੇ ਨੂੰ ਮੁਹੱਈਆ ਨਹੀਂ ਕਰਵਾਈ ਜਾਂਦੀ । ਦਿੱਲੀ ਏਅਰਪੋਰਟ ਉੱਪਰ ਮੁਸਾਫਿਰਾਂ ਨਾਲ ਘਟੀਆ ਵਿਹਾਰ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਸੀਟਾਂ ਦੀ ਖਸਤਾ ਹਾਲਤ ਲੰਮੀਆਂ ਫਲਾਈਟਾਂ ਦੇ ਮੁਸਾਫਿਰਾਂ ਲਈ ਬਿਨਾ ਕਿਸੇ ਕਸੂਰ ਦੇ ਕੋਲੋਂ ਪੈਸੇ ਦੇਕੇ ਮਿਲੀ ਸਜਾ ਵਰਗੀ ਮਹਿਸੂਸ ਹੁੰਦੀ ਹੈ। ਕੁੱਲ ਮਿਲਾਕੇ ਜਹਾਜ ਦੀ ਅੰਦਰੂਨੀ ਹਾਲਤ ਦੇਖਕੇ ਇਸ ਸੁਆਲ ਮਨ ਅੰਦਰ ਜਰੂਰ ਪੈਦਾ ਹੁੰਦਾ ਹੈ ਕਿ ਇੰਨੀ ਮਾੜੀ ਹਾਲਾਤ ਵਿੱਚ ਅਜਿਹੇ ਜਹਾਜਾਂ ਨੂੰ ਕਨੇਡਾ ਦੀ ਟਰਾਂਸਪੋਰਟ ਅਥਾਰਿਟੀ ਕਿਵੇਂ ਇਜਾਜਤ ਦੇ ਦਿੰਦੀ ਹੈ ?



## 700 ਅੰਤਰਰਾਸ਼ਟਰੀ ਵਿਦਿਆਰਥੀਆਂ ਉੱਪਰ ਦੇਸ ਨਿਕਾਲੇ ਦੀ ਤਲਵਾਰ ਲਟਕੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਲੰਧਰ ਦੇ ਇੱਕ ਇਮੀਗਰੇਸ਼ਨ ਏਜੰਟ ਵੱਲੋਂ ਜਾਲੀ ਦਸਤਾਵੇਜ਼ਾਂ ਨਾਲ ਕੈਨੇਡਾ ਭੇਜੇ ਗਏ 700 ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਗਿਆ ਹੈ ਕਿਉਂਕਿ ਇਹਨਾਂ 700 ਵਿਦਿਆਰਥੀਆਂ ਨੂੰ ਡਿਪੋਰਟ ਕਰਨ ਕਰਨ ਦੀਆਂ ਖ਼ਬਰਾਂ ਚਾਰੇ ਪਾਸੇ ਚਰਚਾ ਵਿੱਚ ਹਨ ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਮਾਮਲੇ ਵਿੱਚ ਵਿਦਿਆਰਥੀ ਕਸੂਰਵਾਰ ਨਹੀਂ ਮੰਨੇ ਜਾਣੇ ਚਾਹੀਦੇ। ਅਗਰ ਅਸੀਂ ਸਾਰੀ ਖ਼ਬਰ ਦੇ ਪਿਛੋਕੜ ਵਿੱਚ ਜਾਈਏ ਤਾਂ ਜਦੋਂ ਇਹ ਵਿਦਿਆਰਥੀ ਕਨੇਡਾ ਪੁੱਜੇ ਸਨ ਤਾਂ ਉਸ ਮੌਕੇ ਸਬੰਧਿਤ ਕਾਲਿਜ ਨੇ ਉਹਨਾਂ ਨੂੰ ਇਹ ਆਖਕੇ ਜਵਾਬ ਦੇ ਦਿੱਤਾ ਸੀ ਕਿ ਤੁਹਾਡੀਆਂ ਸੀਟਾਂ ਹਾਲੇ ਤੱਕ ਕਨਫਰਮ ਨਹੀਂ ਹਨ ਤੁਸੀਂ ਅਗਲੇ ਸਮੈਸਟਰ ਤੱਕ ਉਡੀਕ ਕਰ ਸਕਦੇ ਹੋ, ਅਤੇ ਉਹਨਾਂ ਦੀ ਫੀਸ ਵੀ ਵਾਪਿਸ ਕਰ ਦਿੱਤੀ ਗਈ ਸੀ । ਉਹਨਾਂ ਵਿਦਿਆਰਥੀਆਂ ਨੇ ਨਵੇਂ ਸਿਰੇ ਤੋਂ ਕਾਲਿਜ ਵਿੱਚ ਦਾਖਲੇ ਲੈਕੇ ਆਪਣੀ ਪੜ੍ਹਾਈ ਮੁਕੰਮਲ ਕਰ ਲਈ ਸੀ ਅਤੇ ਵਰਕ ਪਰਮਿਟ ਵੀ ਮਿਲ ਗਏ ਸਨ ਪਰ ਹੁਣ ਕਨੇਡੀਅਨ ਪੀ ਆਰ ਦੀਆਂ ਫਾਈਲਾਂ ਤੱਥ ਸਾਹਮਣੇ ਆਏ ਹਨ ਕਿ ਇਹਨਾਂ ਵਿਦਿਆਰਥੀਆਂ ਨੂੰ ਤਾਂ ਕਾਲਿਜ ਵੱਲੋਂ ਜਾਅਲੀ ਸੱਦਾ ਪੱਤਰਾਂ ਦੇ ਅਧਾਰ ਉੱਪਰ ਹੀ ਕਨੇਡਾ ਦਾ ਵੀਜਾ ਮਿਲਿਆ ਸੀ।



















































# ਤੁਹਾਡੇ ਸੁਪਨਿਆਂ ਦਾ ਘਰ ਤੁਹਾਡੀ ਸੋਚ ਨਾਲੋਂ ਨੇੜੇ ਹੈ

**ਸਿੰਗਲ ਫੈਮਿਲੀ ਹੋਮ,ਕਾਨੂੰਨੀ ਤੌਰ 'ਤੇ ਆਮਦਨ ਵਾਲਾ ਸੂਇਟ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਇਟ ਵਾਲਾ ਸ਼ਾਮਲ ਕਰੋ

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Bathroom


Bonus Room


Legal Income Suite

**ਅਵਾਰਡ ਜੇਤੂ ਟਾਊਨਹੋਮਸ**- ਕਾਪਰਫੀਲਡ ਦੇ ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਫਿੱਟ ਕਰਦਾ ਹੈ। ਇਹ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**4 ਲੱਖ ਡਾਲਰ ਤੋਂ ਘੱਟ ਵਿੱਚ ਹੀ ਘਰ ਦੀ ਮਾਲਕੀ !**

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**



**ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਕਿੰਗਜ਼ ਇਲੈਵਨ ਕਲੱਬ ਦੇ ਖਿਡਾਰੀਆਂ ਨੇ ਕੌਮਾਂਤਰੀ ਮੱਲਾਂ ਮਾਰੀਆਂ



ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੌਮੀ ਤੇ ਕੌਮਾਂਤਰੀ ਪੱਧਰ ਤੇ ਮੱਲਾਂ ਮਾਰਨ ਵਾਲੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਕੈਲਗਰੀ ਦੇ ਖਿਡਾਰੀਆਂ ਨੂੰ ਮੀਡੀਆ ਅਤੇ ਭਾਈਚਾਰੇ ਦੇ ਰੂ-ਬ-ਰੂ ਕਰਨ ਲਈ ਕੈਲਗਰੀ ਵਿੱਚ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ।ਕਲੱਬ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਔਜਲਾ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਕਲੱਬ ਨੇ ਹੁਣ ਤੱਕ ਦਾ ਜੋ ਸਫਰ ਤੈਅ ਕੀਤਾ ਹੈ ਉਸ ਤੇ ਸਮੁੱਚੇ ਭਾਈਚਾਰੇ ਨੂੰ ਮਾਣ ਹੈ।

ਖਿਡਾਰੀਆਂ ਨੂੰ ਕੌਮੀ ਤੇ ਪੱਧਰ ਤੇ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਕੋਚ ਜੱਗੀ ਧਾਲੀਵਾਲ ਨੇ ਕਲੱਬ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਦੀ ਸੂਚੀ ਵਿੱਚ ਇਸ ਸਾਲ ਵੱਡਾ ਵਾਧਾ ਹੋਇਆ ਹੈ।ਉਹਨਾਂ ਦੱਸਿਆ ਕਿ ਕਲੱਬ ਦੇ ਖਿਡਾਰੀ ਗੌਰਵ ਘਈ ਨੂੰ ਕੈਨੇਡਾ ਦੀ ਜੂਨੀਅਰ ਫੀਲਡ ਹਾਕੀ ਟੀਮ ਵਿੱਚ ਜਗ੍ਹਾ ਮਿਲੀ ਹੈ ਜਿਹੜੀ ਜੂਨੀਅਰ ਵਿਸ਼ਵ ਕੱਪ ਦਾ ਕੁਆਲੀਫਾਇਰ ਖੇਡਣ ਜਾਵੇਗੀ।ਇਸ ਤੋਂ ਇਲਾਵਾ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਫੀਲਡ ਹਾਕੀ ਟੀਮ(ਅੰਡਰ-18) ਲਈ ਹੋਈ ਹੈ।ਇਹ ਟੀਮ ਅਪਰੈਲ ਦੇ ਮਹੀਨੇ ਫਰਾਂਸ ਦੇ ਦੌਰੇ ਤੇ ਜਾਵੇਗੀ।ਇਸ ਤੋਂ ਇਲਾਵਾ ਅਵੀ ਧਾਲੀਵਾਲ (ਸੀਨੀਅਰ) ਅਤੇ ਤਨਵੀਰ ਗਿੱਲ (ਜੂਨੀਅਰ)ਦੀ ਚੋਣ ਕੈਨੇਡਾ ਦੀਆਂ ਇਨਡੋਰ ਟੀਮਾਂ ਲਈ ਹੋਈ ਹੈ।

ਕਲੱਬ ਦੀਆਂ ਹੋਰ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਕੋਚ ਜੱਗੀ ਧਾਲੀਵਾਲ ਨੇ ਦੱਸਿਆ ਕਿ ਕਲੱਬ ਦੀਆਂ ਖਿਡਾਰਨਾਂ ਨਵੀ ਧਾਲੀਵਾਲ,ਜਸਲੀਨ ਗਿੱਲ ਅਤੇ ਨਵੀਨ ਗਿੱਲ ਨੇ ਵੀ ਟੈਪ ਪ੍ਰੋਗਰਾਮ ਅਤੇ ਕੈਲਗਰੀ ਯੂਨੀਵਰਸਿਟੀ ਦੇ ਫੀਲਡ ਹਾਕੀ ਪ੍ਰੋਗਰਾਮ ਦੀਆਂ ਪ੍ਰਾਪਤੀਆਂ ਤੇ ਕਲੱਬ ਨੂੰ ਮਾਣ ਰਹੇਗਾ।ਉਹਨਾਂ ਅਨੀਸ਼ ਨਰੂਲਾ,ਜਗਬੀਰ ਸਿੰਘ,ਬੀਰਪਾਲ ਚੱਠਾ, ਅਜੈਪਾਲ ਭੰਗੂ ਦੀਆਂ ਨੈਕਸਟ ਜੈਨ ਪ੍ਰੋਗਰਾਮ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਵਾਰਡ ਨੰਬਰ-5 ਤੋਂ ਕੌਂਸਲਰ ਰਾਜ ਧਾਲੀਵਾਲ,ਪਾਲੀ ਵਿਰਕ, ਹਰਪਿੰਦਰ ਸਿੱਧੂ ਤੋਂ ਇਲਾਵਾ ਕਲੱਬ ਦੇ ਹੋਰ ਮੈਂਬਰਾਂ ਨੇ ਵੀ ਹਾਜ਼ਰੀ ਭਰੀ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਮੈਂਬਰਾਂ ਦੀ ਮਾਰਚ ਮਹੀਨੇ ਦੀ ਮਿਲਣੀ ਯਾਦਗਾਰੀ ਹੋ ਨਿਬੜੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 13 ਮਾਰਚ ਨੂੰ ਹਾਰਵੈਸਟ ਹਿੱਲਜ਼ ਅਲਾਇੰਸ ਚਰਚ ਦੇ ਹਾਲ ਵਿੱਚ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਸੰਬੰਧ ਵਿੱਚ ਬੋਲਦਿਆਂ ਕਿਹਾ ਕਿ ਭਾਵੇਂ ਕੈਨੇਡਾ ਦੇ ਸੰਵਿਧਾਨ ਨੇ ਔਰਤਾਂ ਨੂੰ ਬਰਾਬਰ ਦੇ ਹੱਕ ਦਿੱਤੇ ਹਨ ਅਤੇ ਔਰਤਾਂ ਹਰੇਕ ਖੇਤਰ ਵਿੱਚ ਅੱਗੇ ਹੋ ਕੇ ਨਿੱਤਰ ਰਹੀਆਂ ਹਨ, ਫਿਰ ਵੀ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਵਿਤਕਰੇ ਅਤੇ ਮੁਸ਼ਕਲਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਐਸੋਸੀਏਸ਼ਨ ਵਿੱਚ ਔਰਤਾਂ ਦੀ ਭਰਵੀਂ ਸ਼ਮੂਲੀਅਤ ਅਤੇ ਮਹੱਤਵਪੂਰਨ ਸਰਗਰਮ ਭੂਮਿਕਾ ਬਾਰੇ ਤਸੱਲੀ ਜ਼ਾਹਿਰ ਕੀਤੀ। ਉਸ ਨੇ ਕੈਲਗਰੀ ਮਿਲਟਰੀ ਮਿਊਜ਼ੀਅਮ ਤੋਂ ਆਏ ਡੇਵਿਡ ਪੀਅ ਬਾਡੀ, ਐਲਨ ਰੌਸ ਅਤੇ ਚਰਨਕੰਵਲ ਦੁੱਲਟ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਐਸੋਸੀਏਸ਼ਨ ਦੀਆਂ ਸਮਾਜਿਕ ਸਰਗਰਮੀਆਂ ਅਤੇ ਇਸ ਦੁਆਰਾ ਵਡੇਰੇ ਮਨੁੱਖੀ ਕਾਰਜਾਂ ਹਿਤ ਪਾਏ ਜਾ ਰਹੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਡੇਵਿਡ ਪੀਅ ਬਾਡੀ ਨੇ ਮਿਊਜ਼ੀਅਮ ਦੇ ਉਦੇਸ਼ਾਂ ਬਾਰੇ ਦੱਸਦਿਆਂ ਕਿਹਾ ਕਿ ਮਕਸਦ ਸਾਰੇ ਸਾਬਕਾ ਅਤੇ ਮੌਜੂਦਾ ਫੌਜੀਆਂ ਬਾਰੇ ਜਾਣਕਾਰੀ ਇਕੱਤਰ ਕਰ ਕੇ ਸ਼ਹਿਰੀਆਂ ਸਾਹਮਣੇ ਲਿਆਉਣਾ ਹੈ ਤਾਂ ਜੋ ਵੱਖੋ-ਵੱਖ ਭਾਈਚਾਰਿਆਂ ਦੇ ਲੋਕ ਇੱਕ ਦੂਜੇ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਣ। ਇਤਿਹਾਸਕਾਰ ਤੇ ਮਿਊਜ਼ੀਅਮ ਵਾਲੰਟੀਅਰ ਐਲਨ ਰੌਸ ਨੇ ਵਿਸ਼ੇਸ਼ ਤੌਰ ਤੇ ਸਿੱਖ ਫੌਜੀਆਂ ਦੀ ਬਹਾਦਰੀ ਅਤੇ ਕੁਸ਼ਲਤਾ ਦਾ ਜ਼ਿਕਰ ਕੀਤਾ ਅਤੇ ਸੁਆਲਾਂ ਦੇ ਜਵਾਬ ਦਿੱਤੇ। ਚਰਨਕੰਵਲ ਦੁੱਲਟ ਨੇ ਮਿਲਟਰੀ ਮਿਊਜ਼ੀਅਮ ਦੁਆਰਾ ਲਾਈਆਂ ਜਾਂਦੀਆਂ ਪ੍ਰਦਰਸ਼ਨੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਅਪ੍ਰੈਲ ਦਾ ਸਾਰਾ ਮਹੀਨਾ ਮਿਲਟਰੀ ਮਿਊਜ਼ੀਅਮ ਵਿਖੇ ਪ੍ਰਦਰਸ਼ਨੀ ਲੱਗੇਗੀ ਜਿਸ ਵਿੱਚ ਸਿੱਖ ਫੌਜੀਆਂ ਬਾਰੇ ਵਿਸ਼ੇਸ਼ ਤਵੱਜੋ ਹੋਵੇਗੀ। ਅਮਰਜੀਤ ਕੌਰ ਪਲਾਹਾ ਨੇ ਗੀਤ ਸੁਣਾਇਆ ਅਤੇ ਹਰਿੰਦਰ ਕੌਰ ਮੁੰਡੀ ਨੇ ਆਪਣੀ ਤਾਜ਼ੀ ਕਵਿਤਾ ਪੇਸ਼ ਕੀਤੀ - ਗੁਰ ਪੀਰਾਂ ਦੀ ਧਰਤੀ ਉੱਤੇ ਕੈਸਾ ਕਤਲੇਆਮ॥ ਸੁਰਿੰਦਰ ਕਾਲੀਆ ਨੇ ਗੀਤ ਅਤੇ ਜਸਵੀਰ ਸਿਹੋਤਾ ਨੇ ਟੱਪੇ ਸੁਣਾਏ। ਇੰਦਰਜੀਤ ਸਿੰਘ ਵਧਵਾ, ਕੁਲਵੰਤ ਰਾਏ ਸ਼ਰਮਾ ਅਤੇ ਅਜਾਇਬ ਸਿੰਘ ਸੇਖੋਂ ਨੇ ਔਰਤਾਂ ਦੀ ਸਮਾਨਤਾ ਬਾਰੇ ਵੱਖੋ ਵੱਖ ਤਰ੍ਹਾਂ ਦੇ ਵਿਚਾਰ ਰੱਖੇ। ਡਾ: ਰਾਜਵੰਤ ਕੌਰ ਪ੍ਰੀਤ ਮਾਨ ਨੇ ਨਾਰੀ ਦਿਵਸ ਦੇ ਇਤਿਹਾਸ ਤੇ ਚਾਨਣਾ ਪਾਇਆ ਅਤੇ ਇਸ ਵਿਸ਼ੇ ਤੇ ਕਵਿਤਾ ਪੜ੍ਹੀ। ਕਰਮ ਸਿੰਘ ਭੁੱਲਰ ਨੇ ਰੱਬ ਦੀ ਹੋਂਦ ਦੇ ਭਰਮ ਭੁਲੇਖਿਆਂ ਬਾਰੇ ਤਰਕਸੰਗਤ ਵਿਚਾਰ ਵਾਲਾ ਨਜ਼ਰੀਆ ਪੇਸ਼ ਕੀਤਾ। ਜਨਾਬ ਤਾਰਿਕ ਮਲਿਕ ਨੇ ਔਰਤਾਂ ਨੂੰ ਮਿਲੇ ਹੋਏ ਹੱਕ ਅਤੇ ਸਨਮਾਨ ਬਰਕਰਾਰ ਰੱਖਣ ਦੀ ਲੋੜ ਤੇ ਜ਼ੋਰ ਦਿੱਤਾ। ਨਾਲ ਹੀ ਸ਼ਹਿਨਾਜ਼ ਮੁਜ਼ੱਲਮ ਦੀ ਇੱਕ ਖ਼ੂਬਸੂਰਤ ਨਜ਼ਮ ਮੁਲਾਹਿਜ਼ਾ ਫ਼ਰਮਾਈ - ਸਪਨਾ ਸੁੰਦਰ ਸਾ ਨਿਗਾਹੋਂ ਮੇ ਸਜਾ ਰੱਖਾ ਹੈ। ਤਰਲੋਕ ਸਿੰਘ ਚੁੱਘ ਨੇ ਹਾਸਰਸ ਦਾ ਮਾਹੌਲ ਬੰਨ੍ਹਿਆਂ, ਜੋਗਾ ਸਿੰਘ ਲੈਹਲ ਨੇ ਪੰਜਾਬੀ ਜੀਵਨ ਅੰਦਰ ਆਈਆਂ ਵਿਸੰਗਤੀਆਂ ਸੁਣਾ ਕੇ ਹਾਸਾ ਬਿਖੇਰਿਆ। ਪਰਸ਼ੋਤਮ ਭਾਰਦਵਾਜ ਅਤੇ ਕਰਮ ਸਿੰਘ ਮੁੰਡੀ ਨੇ ਆਮ ਪ੍ਰਬੰਧ ਅਤੇ ਜਗਦੇਵ ਸਿੱਧੂ ਨੇ ਕਾਰਵਾਈ ਚਲਾਉਣ ਦੀ ਜ਼ਿੰਮੇਵਾਰੀ ਨਿਭਾਈ। ਅਖੀਰ ਵਿੱਚ ਸਾਰਿਆਂ ਨੇ ਅਮਰਜੀਤ ਕੌਰ ਪਲਾਹਾ, ਸੁਖਵਿੰਦਰ ਕੌਰ ਕੁੰਡੂ ਅਤੇ ਪਰਮਜੀਤ ਕੌਰ ਖੋਸਾ ਦੁਆਰਾ ਪਰੋਸੇ ਭੋਜਨ ਦਾ ਅਨੰਦ ਲਿਆ।

# ਇੰਟਰਪੋਲ ਨੇ 14,000 ਕਰੋੜ ਰੁਪਏ ਦੇ ਘੋਟਾਲੇ 'ਚ ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਦਾ ਨਾਂ ਰੈੱਡ ਕਾਰਨਰ ਨੋਟਿਸ 'ਚੋਂ ਹਟਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਨੈਸ਼ਨਲ ਬੈਂਕ 'ਚ 14,000 ਕਰੋੜ ਰੁਪਏ ਦੇ ਘੋਟਾਲੇ 'ਚ ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਦਾ ਨਾਂ ਰੈੱਡ ਕਾਰਨਰ ਨੋਟਿਸ 'ਚੋਂ ਹਟਾ ਦਿੱਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਮੇਹੁਲ ਨੇ ਰੈੱਡ ਕਾਰਨਰ ਨੋਟਿਸ ਦੇ ਖਿਲਾਫ ਇੰਟਰਪੋਲ ਦੇ ਲਿਓਨ ਹੈਡਕੁਆਰਟਰ ਨੂੰ ਅਪੀਲ ਕੀਤੀ ਸੀ। ਫਿਲਹਾਲ ਇਸ ਮਾਮਲੇ 'ਤੇ ਸੀਬੀਆਈ ਵੱਲੋਂ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਦੱਸਣਾ ਬਣਦਾ ਹੈ ਕਿ 195 ਦੇਸ਼ ਇੰਟਰਪੋਲ ਦੇ ਮੈਂਬਰ ਹਨ। ਰੈੱਡ ਨੋਟਿਸ ਜਾਰੀ ਹੋਣ 'ਤੇ ਸਬੰਧਤ ਵਿਅਕਤੀ ਨੂੰ ਆਰਜ਼ੀ ਤੌਰ 'ਤੇ ਹਿਰਾਸਤ 'ਚ ਲਿਆ ਜਾ ਸਕਦਾ ਹੈ, ਆਰਜ਼ੀ ਤੌਰ 'ਤੇ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਦੇਸ਼ ਦੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ ਜਿਸ ਵਿੱਚ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬਹੁਤ ਸਾਰੇ ਮਾਮਲਿਆਂ ਵਿੱਚ, ਉਸਨੂੰ ਉਸ ਦੇਸ਼ ਦੇ ਹਵਾਲੇ (ਸਪੁਰਦ) ਕੀਤਾ ਜਾਂਦਾ ਹੈ ਜਿਸ ਵਿੱਚ ਉਹ ਲੋੜੀਂਦਾ ਹੈ। ਚੋਕਸੀ 2018 'ਚ ਦੇਸ਼ ਛੱਡ ਕੇ ਭੱਜ ਗਿਆ ਸੀ। ਉਸ ਦੇ ਖਿਲਾਫ 10 ਮਹੀਨਿਆਂ ਬਾਅਦ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਉਦੋਂ ਤੱਕ ਉਹ ਐਂਟੀਗੁਆ ਅਤੇ ਬਾਰਬੁਡਾ ਵਿੱਚ ਲੁਕਿਆ ਹੋਇਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਇੱਥੋਂ ਦੀ ਨਾਗਰਿਕਤਾ ਮਿਲ ਗਈ। ਚੋਕਸੀ ਨੇ ਸੀਬੀਆਈ ਦੀ ਅਰਜ਼ੀ ਦੇ ਜਵਾਬ ਵਿੱਚ ਦਲੀਲ ਦਿੱਤੀ ਸੀ ਕਿ ਭਾਰਤ ਵਿੱਚ ਜੇਲ੍ਹਾਂ ਦੇ ਹਾਲਾਤ ਬਹੁਤ ਖ਼ਰਾਬ ਹਨ। ਉੱਥੇ ਉਸ ਨੂੰ ਖ਼ਤਰਾ ਹੋ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿਹਤ ਨਾਲ ਸਬੰਧਤ ਦਲੀਲਾਂ ਵੀ ਦਿੱਤੀਆਂ ਸਨ। ਇੰਟਰਪੋਲ ਦੀ ਪੰਜ ਮੈਂਬਰੀ ਕਮੇਟੀ ਨੇ ਇਸ 'ਤੇ ਸੁਣਵਾਈ ਕੀਤੀ ਸੀ। ਇਸ ਕਾਨੂੰਨੀ ਕਮੇਟੀ ਕੋਲ ਕਿਸੇ ਵੀ ਵਿਅਕਤੀ ਜਾਂ ਦੋਸ਼ੀ ਵਿਰੁੱਧ ਰੈੱਡ ਕਾਰਨਰ ਨੋਟਿਸ ਰੱਦ ਕਰਨ ਦਾ ਅਧਿਕਾਰ ਹੈ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀਆਂ ਮਸਕਿਲਾਂ ਵਧਦੀਆਂ ਹੀ ਦਿਖਾਈ ਦੇ ਰਹੀਆਂ ਹਨ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ 'ਤੇ ਸ਼ਿਕੰਜਾ ਕਸਦਾ ਜਾ ਰਿਹਾ ਹੈ। ਇਸਲਾਮਾਬਾਦ ਜੁਡੀਸ਼ੀਅਲ ਕੰਪਲੈਕਸ 'ਚ ਜ਼ਬਰਦਸਤ ਹਿੰਸਾ ਅਤੇ ਪੁਲਸ 'ਤੇ ਹਮਲੇ ਦੇ ਦੋਸ਼ 'ਚ ਖਾਨ ਅਤੇ ਉਨ੍ਹਾਂ ਦੇ ਕੁੱਝ ਸਮਰਥਕਾਂ ਖਿਲਾਫ ਅੱਤਵਾਦ ਫੈਲਾਉਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਗ੍ਰਹਿ ਮੰਤਰੀ ਰਾਣਾ ਸਨਾਉਲਾ ਨੇ ਕਿਹਾ- ਸਰਕਾਰ ਆਪਣੇ ਕਾਨੂੰਨੀ ਸਲਾਹਕਾਰਾਂ ਤੋਂ ਸਲਾਹ ਲੈ ਰਹੀ ਹੈ। ਬਹੁਤ ਜਲਦੀ ਇਮਰਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ।ਟੀ।ਆਈ।) 'ਤੇ ਕਾਨੂੰਨੀ ਤੌਰ 'ਤੇ ਪਾਬੰਦੀ ਲੱਗ ਜਾਵੇਗੀ। ਇਮਰਾਨ ਵੱਲੋਂ ਲਾਹੌਰ ਦੇ ਇਤਿਹਾਸਕ ਮੀਨਾਰ-ਏ-ਪਾਕਿਸਤਾਨ 'ਤੇ ਰੈਲੀ ਸਬੰਧੀ ਗ੍ਰਹਿ ਮੰਤਰੀ ਰਾਣਾ ਸਨਾਉਲਾ ਨੇ ਕਿਹਾ- ਅਸੀਂ ਅਜੇ ਤੱਕ ਇਹ ਨਹੀਂ ਸਮਝ ਸਕੇ ਕਿ ਦੇਸ਼ ਦੀਆਂ ਅਦਾਲਤਾਂ ਇਮਰਾਨ ਨੂੰ ਇੰਨੀ ਰਾਹਤ ਕਿਉਂ ਅਤੇ ਕਿਸ ਲਈ ਦੇ ਰਹੀਆਂ ਹਨ। ਅਜਿਹੇ 'ਚ ਕਾਨੂੰਨ ਦਾ ਰਾਜ ਖਤਮ ਹੋ ਜਾਵੇਗਾ। ਇਸਲਾਮਾਬਾਦ ਦੇ ਜੁਡੀਸ਼ੀਅਲ ਕੰਪਲੈਕਸ ਵਿੱਚ, ਸੁਪਰੀਮ ਕੋਰਟ ਦੀ ਨੱਕ ਦੇ ਹੇਠਾਂ, ਪੀਟੀਆਈ ਨੇ ਭਾਰੀ ਹਿੰਸਾ ਕੀਤੀ ਅਤੇ ਪੁਲਿਸ ਦਾ ਖ਼ੂਨ ਵਹਾਇਆ। ਰਾਣਾ ਨੇ ਅੱਗੇ ਕਿਹਾ- ਹੁਣ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ।ਜਿਸ ਤਹਿਤ ਇਮਰਾਨ ਦੀ ਪਾਰਟੀ ਪੀਟੀਆਈ ਨੂੰ ਬੈਨ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਉਨਾਂ ਕਿਹਾ ਸਾਡੇ ਲਈ ਦੇਸ਼ ਤੋਂ ਵੱਧ ਕੁੱਝ ਵੀ ਮਹੱਤਵਪੂਰਨ ਨਹੀਂ ਹੈ ਜਦੋਂਕਿ ਇਮਰਾਨ ਸਿਰਫ਼ ਸੱਤਾ ਚਾਹੁੰਦੇ ਹਨ।









## ਜਪਾਨ ਦੇ ਪ੍ਰਧਾਨ ਮੰਤਰੀ ਕਿਸ਼ਿਦਾ ਅਤੇ ਨਰਿੰਦਰ ਮੋਦੀ ਦੀ ਚੌਥੀ ਮਿਲਣੀ ਚਰਚਾ ਵਿੱਚ ਹੈ



ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਭਾਰਤ ਦੇ 2 ਦਿਨਾਂ ਦੌਰੇ 'ਤੇ ਨਵੀਂ ਦਿੱਲੀ ਪਹੁੰਚੇ। ਇੱਥੇ ਉਹ ਰਾਜਘਾਟ ਪਹੁੰਚੇ ਅਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਬਾਅਦ ਕਿਸ਼ਿਦਾ ਨੇ ਹੈਦਰਾਬਾਦ ਹਾਊਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਮੋਦੀ ਨੇ ਪੀਐਮ ਕਿਸ਼ਿਦਾ ਨੂੰ ਚੰਦਨ ਦੀ ਬਣੀ ਬੁੱਧ ਦੀ ਮੂਰਤੀ ਤੋਹਫ਼ੇ ਵਿੱਚ ਦਿੱਤੀ। ਮੋਦੀ ਅਤੇ ਕਿਸ਼ਿਦਾ ਦਾ ਇੱਕ ਵੀਡੀਓ ਵੀ ਵਾਇਰਲ ਹੋ ਰਿਹਾ ਹੈ। ਇਸ 'ਚ ਜਾਪਾਨ ਦੇ ਪ੍ਰਧਾਨ ਮੰਤਰੀ ਅਤੇ ਨਰਿੰਦਰ ਮੋਦੀ ਲੱਸੀ ਬਣਾਉਣ ਵਾਲੀ ਰਿੜਕਣੀ ਨੂੰ ਘੁੰਮਾਉਂਦੇ ਅਤੇ ਗੋਲਗੱਪੇ ਖਾਂਦੇ ਨਜ਼ਰ ਆ ਰਹੇ ਹਨ। ਇਹ ਵੀਡੀਓ ਦਿੱਲੀ ਦੇ ਬੁੱਧ ਜੈਅੰਤੀ ਪਾਰਕ ਦੀ ਹੈ। ਮੋਦੀ ਅਤੇ ਕਿਸ਼ੀਦਾ ਪਾਰਕ ਦੇ ਆਲੇ-ਦੁਆਲੇ ਘੁੰਮਦੇ ਰਹੇ ਅਤੇ ਲੱਕੜ ਦੇ ਬੈਂਚਾਂ 'ਤੇ ਬੈਠ ਕੇ ਗੱਲਾਂ ਕਰਦੇ ਰਹੇ। ਜਾਪਾਨ ਦੇ ਪ੍ਰਧਾਨ ਮੰਤਰੀ ਕਿਸ਼ਿਦਾ ਨੇ ਕਿਹਾ- ਮੈਂ ਅੱਜ ਪ੍ਰਧਾਨ ਮੰਤਰੀ ਮੋਦੀ ਨੂੰ ਹੀਰੋਸ਼ੀਮਾ ਵਿੱਚ ਹੋਣ ਵਾਲੇ ਜੀ-7 ਸਿਖਰ ਸੰਮੇਲਨ ਲਈ ਸੱਦਾ ਦਿੱਤਾ ਸੀ ਅਤੇ ਉਨ੍ਹਾਂ ਨੇ ਇਸ ਨੂੰ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਦੀ ਪ੍ਰਧਾਨਗੀ ਵਿੱਚ ਭਾਰਤ-ਜਾਪਾਨ ਸਿਖਰ ਸੰਮੇਲਨ ਵਿੱਚ, ਦੋਵੇਂ ਦੇਸ਼ ਆਪਣੇ ਫੌਜੀ ਤੇ ਆਰਥਿਕ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਸਹਿਮਤ ਹੋਏ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੇ ਇੱਕ ਸਾਲ ਦੇ ਦੌਰਾਨ ਦੋਹਾਂ ਆਗੂਆਂ ਦੀ ਇਹ ਚੌਥੀ ਮਿਲਣੀ ਹੈ।

# ਕੈਲਗਰੀ ਵਿੱਚ 'ਦਿੱਲੀ ਰੋਡ ਤੇ ਇੱਕ ਹਾਦਸਾ' ਦਾ ਸਫਲ ਪ੍ਰਦਰਸ਼ਨ ਕੀਤਾ ਗਿਆ







**ਕੈਲਗਰੀ ( ਕੈਲਗਰੀ ਪੰਜਾਬੀ ਅਖਬਾਰ ਬਿਊਰੋ)** ਉਘੀ ਥੀਏਟਰ ਕਲਾਕਾਰ ਤੇ ਪੰਜਾਬੀ ਫਿਲਮ ਐਕਟਰ ਅਨੀਤਾ ਸਬਦੀਸ਼ ਵੱਲੋਂ ਪਾਲੀ ਭੁਪਿੰਦਰ ਸਿੰਘ ਦੇ ਲ਼ਿਖੇ ਨਾਟਕ **'ਦਿੱਲੀ ਰੋਡ ਤੇ ਇੱਕ ਹਾਦਸਾ'** ਨਾਟਕ ਦਾ ਸਫਲ ਪ੍ਰਦਰਸ਼ਨ ਕੀਤਾ ਸੈਂਟਰਲ ਲਾਇਬ੍ਰੇਰੀ ਕੈਲਗਰੀ ਡਾਊਨਟਾਊਨ ਦੇ ਦਰਸ਼ਕਾਂ ਨਾਲ਼ ਖਚਾ-ਖਚ ਭਰੇ ਥੀਏਟਰ ਵਿੱਚ ਦਰਸ਼ਕਾਂ ਨੇ ਸਾਹ ਰੋਕ ਇੱਕ ਘੰਟਾ ਅਨੀਤਾ ਦੀ ਕਮਾਲ ਦੀ ਕਲਾਕਾਰੀ ਦਾ ਅਨੰਦ ਮਾਣਿਆ।ਇਹ ਇੱਕ ਸੋਲੋ ਨਾਟਕ ਸੀ, ਜਿਸ ਵਿੱਚ ਅਨੀਤਾ ਨੇ ਵੱਖ-ਵੱਖ ਔਰਤਾਂ ਦੇ ਕਿਰਦਾਰ ਨਿਭਾਏ ਅਤੇ ਸਮਾਜ ਵਿੱਚ ਔਰਤਾਂ ਦੇ ਹਾਲਾਤਾਂ ਦੀ ਵੇਦਨਾ ਨੂੰ ਪ੍ਰਗਟ ਕੀਤਾ ਗਿਆ।ਬੇਸ਼ਕ ਨਾਟਕ ਦਾ ਵਿਸ਼ਾ ਕਾਫੀ ਗੰਭੀਰ ਸੀ, ਪਰ ਦਰਸ਼ਕਾਂ ਨੇ ਸਾਰਾ ਨਾਟਕ ਬੜੀ ਨੀਝ ਨਾਲ਼ ਦੇਖਿਆ।

'ਪ੍ਰੋਗਰੈਸਿਵ ਕਲਚਰਲ਼ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਇਹ ਸਮਾਗਮ 8 ਮਾਰਚ ਦੇ 'ਕੌਮਾਂਤਰੀ ਨਾਰੀ ਦਿਵਸ' ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ 23 ਮਾਰਚ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਕੀਤਾ ਗਿਆ ਸੀ।ਇਸ ਮੌਕੇ ਤੇ ਕੈਮਲੂਪਸ ਤੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਪਹੁੰਚੇ ਲੇਖਕ, ਨਾਟਕ ਨਿਰਦੇਸ਼ਕ ਤੇ ਆਲੋਚਕ ਡਾ. ਸੁਰਿੰਦਰ ਧੰਜਲ ਨੇ 'ਕੌਮਾਂਤਰੀ ਨਾਰੀ ਦਿਵਸ ਦੀ ਸਭਿਆਚਾਰਕ ਮਹੱਤਤਾ' ਵਿਸ਼ੇ ਤੇ ਵਿਸ਼ੇਸ਼ ਲੈਕਚਰ ਪੇਸ਼ ਕੀਤਾ ਉਨ੍ਹਾਂ ਆਪਣੇ ਲੈਕਚਰ ਵਿੱਚ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਨਾਰੀ ਵਿਰੋਧੀ ਸਭਿਆਚਾਰ ਦੇ ਬਦਲ ਵਜੋਂ ਆਪਣੀਆਂ ਪੰਜਾਬੀ ਬੋਲੀਆਂ ਨੂੰ ਬੰਦ ਕਰਕੇ ਨਵੀਂਆਂ ਬੋਲੀਆਂ ਪ੍ਰਚਲਤ ਕਰਨੀਆਂ ਚਾਹੀਦੀਆਂ ਹਨ ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਪੰਜਾਬੀ ਬੋਲੀ, 'ਨੀ ਮੈਂ ਸੱਸ ਕੁੱਟਣੀ, ਕੁੱਟਣੀ ਸਦੂਕਾਂ ਓਹਲੇ' ਦੀ ਥਾਂ ਇਹ ਬੋਲੀ ਪ੍ਰਚਰਲਤ ਕਰਨੀ ਚਾਹੀਦੀ ਹੈ, 'ਨੀ ਮੈਂ ਸੱਸ ਰੱਖਣੀ, ਰੱਖਣੀ ਮਾਂ ਬਣਾ ਕੇ'।ਵਿਅੰਗਮਾਈ ਲਹਿਜੇ ਵਿੱਚ ਗੱਲ ਨੂੰ ਅੱਗੇ ਤੋਰਦਿਆਂ, ਧੰਜਲ ਸਾਹਿਬ ਕਹਿੰਦੇ ਹਨ ਕਿ ਜੇ ਸੱਸ ਖਰਾਬੀ ਕਰਦੀ ਹੋਵੇ ਤਾਂ ਸਦੂਕਾਂ ਓਹਲੇ ਕਿਉਂ, ਸ਼ਰੇਆਮ ਸਭ ਦੇ ਸਾਹਮਣੇ ਕੁੱਟਣੀ ਚਾਹੀਦੀ ਹੈ? ਇਸ ਮੌਕੇ ਡਾ. ਧੰਜਲ ਦੀ ਕਿਤਾਬ 'ਦੀਵੇ ਜਗਦੇ ਰਹਿਣ' ਨੂੰ ਡਾ. ਧੰਜਲ, ਮਾਸਟਰ ਭਜਨ ਸਿੰਘ, ਪ੍ਰੋ ਗੋਪਾਲ ਜੱਸਲ, ਸੁਖਵੀਰ ਗਰੇਵਾਲ਼, ਗੁਰਦੀਪ ਕੌਰ ਪਰਹਾਰ, ਕੁਸੁਮ ਸ਼ਰਮਾ, ਰਿਸ਼ੀ ਨਾਗਰ, ਮਿਸਿਜ਼ ਮਾਨ ਵਲੋਂ ਰਿਲੀਜ਼ ਕੀਤਾ ਗਿਆ। ਡਾ. ਧੰਜਲ ਨੂੰ ਸਮਾਗਮ ਦੀਆਂ ਅਯੋਜਿਤ ਸੰਸਥਾਵਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੈਲਗਰੀ ਵਿੱਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਖੇਡਾਂ ਨਾਲ਼ ਜੋੜਨ ਲਈ ਪਿਛਲੇ ਕਈ ਸਾਲਾਂ ਤੋਂ ਸੁਖਵੀਰ ਗਰੇਵਾਲ਼ ਦੀ ਅਗਵਾਈ ਵਿੱਚ ਚੱਲ ਰਹੇ 'ਯੰਗਸਤਾਨ ਕੈਲਗਰੀ' ਦੇ ਬੱਚਿਆਂ ਸਲੋਨੀ ਗੌਤਮ, ਕੀਰਤ ਕੌਰ ਧਾਰਨੀ ਅਤੇ ਪ੍ਰਭਰੂਪ ਸਿੰਘ ਮਾਂਗਟ ਵੱਲੋਂ ਨਾਰੀ ਦਿਵਸ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਪੜ੍ਹੀਆਂ।ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਮੁੱਖ ਕਲਾਕਾਰ ਕਮਲਪ੍ਰੀਤ ਪੰਧੇਰ ਨੇ ਸਟੇਜ ਸਕੱਤਰ ਦੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਅਤੇ ਨਾਰੀ ਦਿਵਸ ਸਬੰਧੀ ਬੋਲਦੇ ਹੋਏ ਕਿਹਾ ਸਾਨੂੰ ਔਰਤਾਂ ਦੇ ਹੱਕਾਂ ਬਾਰੇ ਵੱਡੇ-ਵੱਡੇ ਲੈਕਚਰ ਦੀ ਥਾਂ ਘਰਾਂ ਵਿੱਚ ਆਪਣੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਨੂੰ ਆਦਰ ਸਤਿਕਾਰ ਦੇਣ ਦੇ ਨਾਲ਼-ਨਾਲ਼ ਘਰੇਲੂ ਕੰਮਾਂ ਵਿੱਚ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ।ਗਾਇਕ ਹਰਜੀਤ ਗਿੱਲ ਵਲੋਂ ਡਾ. ਸੁਰਿੰਦਰ ਧੰਜਲ ਦਾ ਗੀਤ 'ਜੇ ਤੇਰਾ ਦਿਲ ਪੱਥਰ ਦਾ ਹੈ, ਅੱਖ ਦਾ ਭਰਨਾ ਡੁੱਲਣਾ ਕੀ' ਸੁਰੀਲੀ ਆਵਾਜ ਵਿੱਚ ਪੇਸ਼ ਕੀਤਾ। ਮਾਸਟਰ ਭਜਨ ਸਿੰਘ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਦਰਸ਼ਕਾਂ ਨੂੰ ਇੱਕ ਵਾਰ ਫਿਰ ਭਾਰੀ ਹੁੰਗਾਰਾ ਦੇਣ ਦੇ ਨਾਲ਼-ਨਾਲ਼ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ।ਜੋ ਹਰੇਕ ਪ੍ਰੋਗਰਾਮ ਨੂੰ ਕਵਰ ਕਰਨ ਲਈ ਪੂਰਨ ਸਹਿਯੋਗ ਦਿੰਦੇ ਹਨ।ਅਨੀਤਾ ਸਬਦੀਸ਼ ਦਾ ਡਾ. ਧੰਜਲ, ਹਰਚਰਨ ਸਿੰਘ ਪਰਹਾਰ ਅਤੇ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨ ਕੀਤਾ ਗਿਆ।ਇਸ ਮੌਕੇ ਤੇ ਪ੍ਰਬੰਧਕਾਂ ਦੀ ਅਪੀਲ ਤੇ ਦਰਸ਼ਕਾਂ ਨੇ ਅਨੀਤਾ ਸਬਦੀਸ਼ ਦੀ ਦਿਲ ਖੋਲ ਕੇ ਆਰਥਿਕ ਮੱਦਦ ਕੀਤੀ।ਇਸ ਮੌਕੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਵਲੰਟੀਅਰਜ਼ ਵੱਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ।





















HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਤੂੰ ਮਹਿਕਾਂ ਵੰਡਦੀ ਗੁਲਜ਼ਾਰ ਕੁੜੇ, ਇੱਟਾਂ ਵੱਟਿਆਂ ਨੂੰ ਘਰ ਬਣਾ ਦਿੰਦੀ, ਤੈਥੋਂ ਹੀ ਚਲੇ ਸੰਸਾਰ ਕੁੜੇ।



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 5 ਮਾਰਚ ਨੂੰ 2023 ਨੂੰ ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਇਕੱਤਰਤਾ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਖਚਾਖਚ ਭਰੇ ਹਾਲ ਵਿੱਚ ਬਹੁਤ ਹੀ ਜੋਸ਼ੋਖਰੋਸ਼ ਅਤੇ ਉਤਸ਼ਾਹ ਭਰੇ ਮਾਹੌਲ ਵਿੱਚ ਹੋਈ।

ਮੀਟਿੰਗ ਦੇ ਆਰੰਭ ਵਿਚ ਸ੍ਰੀ ਮਤੀ ਗੁਰਨਾਮ ਕੌਰ ਨੇ ਮਾਂ ਬੋਲੀ ਦਿਵਸ ਤੇ ਕਵਿਤਾ ਬੋਲੀ।

ਮੇਰੀ ਰਗ ਰਗ ਦੇ ਗੁਰਮੁੱਖੀ ਇਹਨੂੰ ਸਾਹਾਂ ਦੇ ਵਿੱਚ ਘੋਲਾਂ। ਮੈਂ ਵਾਸੀ ਦੇਸ਼ ਪੰਜਾਬ ਦੀ ਪੰਜਾਬੀ ਬੋਲੀ ਬੋਲਾਂ।

ਗੁਰਮੀਤ ਕੌਰ ਸਰਪਾਲ ਜੀ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ ਅਤੇ ਮਹਾਨਤਾ ਬਾਰੇ ਚਾਨਣਾ ਪਾਇਆ ਕਿ ਔਰਤ ਤੋਂ ਹੀ ਸ੍ਰਿਸ਼ਟੀ ਚਲਦੀ ਹੈ। ਉਨਾਂ ਨੇ ਕਿਹਾ *ਹੈ ਔਰਤ ਸੇ ਹੀ ਪਾਮਾਲ਼ ਤਸਵੀਰੇ ਕਾਇਨਾਤ,, ਕੁਦਰਤ ਵੱਲੋਂ ਜਣਨ ਸ਼ਕਤੀ ਨਾਲ ਨਿਵਾਜ਼ੀ ਔਰਤ ਰੱਬ ਦਾ ਹੀ ਦੂਜਾ ਰੂਪ ਹੈ। ਔਰਤ ਅਪਣੇ ਵੱਖ ਵੱਖ ਰੂਪਾਂ ਧੀ, ਭੈਣ, ਪਤਨੀ, ਮਾਂ,ਦਾਦੀ ਆਦਿ ਨੂੰ ਬਾਖ਼ੂਬੀ ਨਿਭਾਉਂਦੀ ਹੈ। ਉਹਨਾਂ ਨੇ ਦੱਸਿਆ ਕਿ ਔਰਤ ਹਰ ਚੀਜ਼ ਦੁੱਗਣੀ ਕਰਕੇ ਮੋੜਦੀ ਹੈ ਜਿਵੇਂ ਪਿਆਰ ਭਰੇ ਰਾਹਾਂ ਵਿੱਚ ਫੁੱਲ ਵੀ ਵਿਛਾਂਉਦੀ ਹੈ ਅਤੇ ਜੇ ਕੋਈ ਉਸ ਦੀ ਤੌਹੀਨ ਕਰੇ ਜਾਂ ਉਸ ਨਾਲ ਧੱਕਾ ਕਰੇ ਤਾਂ ਚੰਡੀ ਦਾ ਰੂਪ ਵੀ ਧਾਰ ਲੈਂਦੀ ਹੈ।

ਸਾਰੀਆਂ ਭੈਣਾਂ ਨੇ ਔਰਤ ਬਾਰੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।ਕਿਸੇ ਨੇ ਕਵਿਤਾ ਕਿਸੇ ਨੇ ਗੀਤ ਅਤੇ ਲੋਕ ਗੀਤ ਗਾ ਕੇ ਸ਼ਮੂਲੀਅਤ ਕੀਤੀ। ਚਾਰ ਨਵੀਆਂ ਭੈਣਾਂ ਵੀ ਇਸ ਸੰਸਥਾ ਦੀਆਂ ਮੈਂਬਰ ਬਣੀਆਂ ਜਿਨ੍ਹਾਂ ਵਿਚ ਸੋਨੀਆਂ, ਹਰਪ੍ਰੀਤ ਕੌਰ ਢਿੱਲੋਂ, ਰਾਜਵੰਤ ਕੌਰ ਢਿੱਲੋਂ ਅਤੇ ਹਰਲੀਨ ਕੌਰ ਹਨ।

ਇਕੱਤਰਤਾ ਇਹ ਸੁਨੇਹਾ ਦੇ ਗਈ ਕਿ ਔਰਤ ਦਾ ਸਤਿਕਾਰ ਕਰੋ, ਸਨਮਾਨ ਕਰੋ। ਅਖੀਰ ਵਿੱਚ ਕੇਕ ਕੱਟ ਕੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਖੁਸ਼ੀ ਮਨਾਈ ਗਈ ਅਤੇ ਖਾਣ ਪੀਣ ਦਾ ਪ੍ਰਬੰਧ ਬਹੁਤ ਹੀ ਵਧੀਆ ਸੀ

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਰਹੀ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 19 ਮਾਰਚ 2023 ਨੂੰ ਜੈਨੇਸਸ ਸੈਂਟਰ ਕੈਲਗਰੀ ਵਿਚ ਹੋਈ। ਮੀਟਿੰਗ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਰਹੀ। ਮੀਟਿੰਗ ਦੀ ਸ਼ੁਰੂਆਤ ਸਭਾ ਸਕੱਤਰ ਸੁਖਜੀਤ ਸਿਮਰਨ ਵੱਲੋਂ ਹਾਜ਼ਰ ਭੈਣਾਂ ਦਾ ਸੁਆਗਤ ਕਰਦਿਆਂ ਕੀਤੀ ਗਈ। ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਇਤਿਹਾਸ ਬਾਰੇ ਗੱਲ ਕਰਦਿਆਂ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਕਲਾਰਾ ਯੇਟੀਕਨ ਦੇ ਸੰਘਰਸ਼ ਬਾਰੇ ਗੱਲਬਾਤ ਸਾਂਝੀ ਕੀਤੀ। ਸਤਵਿੰਦਰ ਕੌਰ ਮਰਵਾਹਾ ਵੱਲੋਂ" ਔਰਤ" ਕਵਿਤਾ ਪੜ੍ਹਦਿਆਂ ਸਮਾਜ ਵਿੱਚ ਔਰਤ ਦੀ ਦਸ਼ਾ ਨੂੰ ਬਿਆਨ ਕੀਤਾ ਗਿਆ। ਅੰਮ੍ਰਿਤ ਕੌਰ, ਤਰਨਜੀਤ ਕੌਰ, ਸਿਮਰ ਚੀਮਾ, ਹਰਦੇਵ ਬਰਾੜ ਅਤੇ ਪ੍ਰੋਮਿਲਾ ਨਰੂਲਾ ਵੱਲੋਂ ਆਪਣੇ ਜੀਵਨ ਦੇ ਤਜਰਬੇ ਸਾਂਝੇ ਕਰਦਿਆਂ ਔਰਤਾਂ ਨੂੰ ਹਿੰਮਤ ਅਤੇ ਸਵੈ-ਨਿਰਭਰਤਾ ਨਾਲ ਜੀਵਨ ਜੀਣ ਦਾ ਸੰਦੇਸ਼ ਦਿੱਤਾ ਗਿਆ। ਸਰਬਜੀਤ ਉੱਪਲ ਨੇ "ਔਰਤ ਦਿਵਸ" ਕਵਿਤਾ ਪੇਸ਼ ਕਰਦਿਆਂ ਔਰਤ ਦਿਵਸ ਮਨਾਉਣਾ ਨਾਲੋਂ ਵੱਧ, ਔਰਤ ਦੇ ਸਤਿਕਾਰ ਨੂੰ ਤਰਜੀਹ ਦੇਣ ਦਾ ਸੁਝਾਅ ਦਿੱਤਾ। ਦਵਿੰਦਰ ਕੌਰ, ਜਤਿੰਦਰ ਕੌਰ ਅਤੇ ਹਰਬੰਸ ਕੌਰ ਪਲੀਆ ਵੱਲੋਂ ਬੋਲੀਆਂ ਰਾਹੀਂ ਪੰਜਾਬੀ ਸੱਭਿਆਚਾਰ ਵਿਚਲੀ ਔਰਤ ਦਾ ਰੂਪ ਪੇਸ਼ ਕੀਤਾ ਗਿਆ, ਉਹਨਾਂ ਅਜੋਕੇ ਸੰਯੁਕਤ ਪਰਿਵਾਰਾਂ ਨੂੰ ਜੋੜ ਕੇ ਰੱਖਣ ਦਾ ਸਿਹਰਾ ਔਰਤਾਂ ਨੂੰ ਦਿੱਤਾ। ਸੁਖਜੀਤ ਸਿਮਰਨ ਨੇ ਕਵਿਤਾ "ਚੀਰ ਹਰਨ" ਪੇਸ਼ ਕੀਤੀ ਜਿਸ ਰਾਹੀਂ ਉਸ ਨੇ ਪੀੜਤ ਔਰਤ ਨੂੰ ਹਮਦਰਦੀ ਦੀ ਥਾਂ ਸਤਿਕਾਰ ਅਤੇ ਬਰਾਬਰਤਾ ਦੇਣ ਦੀ ਅਪੀਲ ਕੀਤੀ। ਸੁਰਿੰਦਰ ਗਿੱਲ ਨੇ ਇੱਕ ਅਧਿਆਪਕ ਹੋਣ ਦੇ ਨਾਤੇ ਸਕੂਲਾਂ ਵਿੱਚ ਪੜ੍ਹਦੀਆਂ ਲੜਕੀਆਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਅਤੇ ਉਨ੍ਹਾਂ ਲਈ ਲੋੜੀਂਦੇ ਮਾਨਸਿਕ ਸਹਿਯੋਗ ਵੱਲ ਧਿਆਨ ਦੇਣ ਬਾਰੇ ਗੱਲ ਕੀਤੀ ਹੈ ਅਤੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ। ਗੁਰਦੀਸ਼ ਕੌਰ ਗਰੇਵਾਲ ਨੇ ਔਰਤ ਨੂੰ ਮਰਦ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਲਈ ਪ੍ਰੇਰਿਤ ਕਰਦੀ ਕਵਿਤਾ" ਮੈਂ ਔਰਤ ਹਾਂ" ਪੇਸ਼ ਕੀਤੀ।

ਸੁਰਿੰਦਰ ਕੌਰ ਢੱਟ ਅਤੇ ਕਿਰਨ ਕਲਸੀ ਵੱਲੋਂ ਨਵੀਂ ਪੀੜ੍ਹੀ ਦੀਆਂ ਔਰਤਾਂ ਵਿੱਚ ਆਏ ਸਮਾਜਿਕ ਬਦਲਾਵ ਦੀ ਗੱਲ ਕੀਤੀ ਗਈ। ਅੰਤ ਵਿੱਚ ਸਮੂਹ ਸਭਾ ਮੈਂਬਰਾਂ ਵੱਲੋਂ ਅੰਤਰ ਰਾਸ਼ਟਰੀ ਮਹਿਲਾ ਦਿਵਸ ਮਨਾਉਂਦਿਆਂ ਕੇਕ ਕੱਟਿਆ ਗਿਆ। ਕਿਰਨ ਕਲਸੀ, ਸੁਰਿੰਦਰ ਚੀਮਾ ,ਤਰਨਜੀਤ ਕੌਰ ਅਤੇ ਸੁਖਜੀਤ ਸਿਮਰਨ ਵੱਲੋਂ ਸਭਾ ਲਈ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ।

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
Satisfaction Guaranteed-
One year warranty
on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

STANCE PHYSIO
CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਗਿਆਨੀ ਗੁਰਦਿੱਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਲੇਖਕਾਂ ਦੀ ਮਿਲਣੀ ਕਰਵਾਈ ਗਈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮਿਲਣੀ 11 ਮਾਰਚ ਨੂੰ ਕੋਸੋ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਡਾ. ਜੋਗਾ ਸਿੰਘ ਸਹੋਤਾ ਅਤੇ ਮੁੱਖ ਮਹਿਮਾਨ ਡਾ. ਸੁਰਿੰਦਰ ਧੰਜਲ ਨੇ ਕੀਤੀ। ਸ਼ੁਰੂ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ, ਸਾਹਿਰ ਲੁਧਿਆਣਵੀ ਦੇ 98ਵੇਂ ਜਨਮ ਦਿਨ, ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਵਿਚਾਰ ਚਰਚਾ ਹੋਈ 24 ਫਰਵਰੀ ਨੂੰ ਸ਼ੁਰੂ ਹੋਈ ਗਿਆਨੀ ਗੁਰਦਿੱਤ ਸਿੰਘ ਦੀ ਜਨਮ ਸ਼ਤਾਬਦੀ ਨਮਿੱਤ ਬੁਲਾਰਿਆਂ ਨੇ ਵਿਚਾਰ ਰੱਖੇ।

ਸਤਨਾਮ ਸਿੰਘ ਢਾਅ ਨੇ ਗਿਆਨੀ ਜੀ ਨੂੰ ਸਿੱਖਾਂ ਦੀ ਮਹਾਨ ਸ਼ਖ਼ਸੀਅਤ, ਉੱਚ ਕੋਟੀ ਦੇ ਵਿਦਵਾਨ, ਲੇਖਕ, ਪੱਤਰਕਾਰ, ਸੰਪਾਦਕ ਤੇ ਸੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਦੇ ਅਲੰਬਰਦਾਰ ਵੱਜੋਂ ਯਾਦ ਕੀਤਾ। ਕੇਸਰ ਸਿੰਘ ਨੀਰ ਨੇ ਫੋਨ ਰਾਹੀਂ ਸ਼ਮੂਲੀਅਤ ਕਰ ਕੇ ਗਿਆਨੀ ਜੀ ਦੇ ਆਦਰਸ਼ ਜੀਵਨ ਦਾ ਬਿਓਰਾ ਦਿੱਤਾ। ਨੀਰ ਨੇ ਪਿੱਛੇ ਜਿਹੇ ਅਰਪਨ ਲਿਖਾਰੀ ਸਭਾ ਦੁਆਰਾ ਕੈਲਗਰੀ ਦੀ ਫੇਰੀ ਦੌਰਾਨ ਗਿਆਨੀ ਜੀ ਦੇ ਸਪੁੱਤਰ ਰੂਪਿੰਦਰ ਸਿੰਘ ਨੂੰ ਸਨਮਾਨਿਤ ਕਰਨ ਨੂੰ ਯਾਦ ਕੀਤਾ। ਜਗਦੇਵ ਸਿੰਘ ਸਿੱਧੂ ਨੇ ਗਿਆਨੀ ਜੀ ਦੇ ਹਰ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਵੱਜੋਂ ਉਨ੍ਹਾਂ ਦੀ ਸ਼ਾਹਕਾਰ ਰਚਨਾ 'ਮੇਰਾ ਪਿੰਡ', ਸਿੱਖਾਂ ਦੇ ਪੰਜਵੇਂ ਤਖ਼ਤ ਦਮਦਮ ਸਾਹਿਬ (ਤਲਵੰਡੀ ਸਾਬੋ) ਅਤੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਬਾਰੇ ਸੰਖੇਪ ਵੇਰਵੇ ਦੇਣ ਉਪ੍ਰੰਤ ਉਨ੍ਹਾਂ ਨੂੰ ਮਿਲੇ ਕੁੱਝ ਉੱਘੇ ਸਨਮਾਨਾਂ ਦਾ ਜ਼ਿਕਰ ਕੀਤਾ। ਜਸਵੀਰ ਸਿੰਘ ਸਿਹੋਤਾ ਨੇ ਖ਼ਾਲਸੇ ਦੇ ਅਨੋਖੇ ਕਿਰਦਾਰ ਬਾਰੇ ਕਵਿਤਾ ਸੁਣਾਈ। ਸਮੇਂ ਦੀ ਲੋੜ ਬਾਰੇ ਪ੍ਰਭਦੇਵ ਗਿੱਲ ਨੇ ਸ਼ਹੀਦਾਂ ਦੇ ਨਾਂ ਵਰਤ ਕੇ ਸਿਆਸੀ ਲਾਹਾ ਲੈਣ ਦੀਆਂ ਚਾਲਾਂ ਤੋਂ ਲੋਕਾਂ ਖ਼ਬਰਦਾਰ ਰਹਿਣ ਲਈ ਕਿਹਾ। ਡਾ. ਸੁਰਿੰਦਰ ਧੰਜਲ ਨੇ ਸ਼ਹੀਦਾਂ ਦੀ ਕੜੀ ਵਿੱਚ ਲਗਾਤਾਰਤਾ ਅਤੇ ਨਿਰੰਤਰ ਇਕਸਾਰਤਾ ਦੀ ਪ੍ਰੰਪਰਾ ਨੂੰ ਉਜਾਗਰ ਕੀਤਾ। ਉਸ ਨੇ ਕਈ ਭੱਖਦੇ ਮਸਲਿਆਂ ਅਤੇ ਵਿਸ਼ਿਆਂ ਬਾਰੇ ਬਹੁਪੱਖੀ ਵਿਚਾਰਾਂ ਨੂੰ ਕਮਾਲ ਦੀ ਮੁਹਾਰਤ ਨਾਲ ਪੇਸ਼ਕਾਰੀ ਦੇ ਕਲਾਵੇ ਵਿੱਚ ਲਿਆ। ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਅੱਗੇ ਤੋਰਨ ਲਈ ਪ੍ਰੇਰਿਆ। ਡਾ. ਧੰਜਲ ਨੇ ਦੋ ਪੁਸਤਕਾਂ- 'ਖੇਤਾਂ ਦਾ ਪੁੱਤ ਪਾਸ਼' ਅਤੇ 'ਦੀਵੇ ਜਗਦੇ ਰਹਿਣਗੇ'- ਸਭਾ ਦੇ ਮੈਂਬਰਾਂ ਨੂੰ ਭੇਟ ਕੀਤੀਆਂ। ਤਿੰਨ ਕਵਿਤਾਵਾਂ ਵੀ ਆਪਣੇ ਜੇਤੂ ਅੰਦਾਜ਼ ਵਿੱਚ ਪੇਸ਼ ਕੀਤੀਆਂ। ਨਾਲ ਹੀ ਕੈਨੇਡਾ ਭਰ ਦੀਆਂ ਸੰਸਥਵਾਂ ਦੇ ਕਿਸਾਨੀ ਅੰਦੋਲਨ ਦੀ ਕੀਤੀ ਹਮਾਇਤ ਦਾ ਜਿਕਰ ਵੀ ਕੀਤਾ। ਡਾ. ਜੋਗਾ ਸਿੰਘ ਸਹੋਤਾ ਅਤੇ ਡਾ. ਮਨਮੋਹਨ ਸਿੰਘ ਬਾਠ ਨੇ ਆਪਣੀ ਪਰਪੱਕ ਗਾਇਕੀ ਰਾਹੀਂ ਸੰਗੀਤਕ ਮਾਹੌਲ ਸਿਰਜਿਆ। ਸੁਰਿੰਦਰਜੀਤ ਸਿੰਘ ਪਲਾਹਾ ਨੇ ਕੈਨੇਡਾ ਦੇ ਵਧੀਆ ਸਿਸਟਮ, ਇਸ ਦੀ ਖ਼ੂਬਸੂਰਤੀ ਅਤੇ ਇੱਥੋਂ ਦੀਆਂ ਸੁੱਖ-ਸਹੂਲਤਾਂ ਪ੍ਰਤੀ ਹਾਂ-ਪੱਖੀ ਸੋਚ ਰੱਖਣ ਦੀ ਗੱਲ ਕਹੀ। ਸੁਰਿੰਦਰ ਗੀਤ ਦੀ ਤਾਜ਼ਾ ਕਵਿਤਾ ਮਜ਼ਦੂਰ ਔਰਤ ਨੂੰ ਵਿਸ਼ਵ ਸੁੰਦਰੀ ਨਾਲ ਤੁਲਨਾ ਦੇ ਕੇ ਔਰਤ ਬਾਰੇ ਸੱਜਰਾ ਤੇ ਨਿਰੋਆ ਨਜ਼ਰੀਆ ਪੇਸ਼ ਕਰ ਗਈ। ਮਨਜੀਤ ਬਰਾੜ ਦੀ ਕਵਿਤਾ ਨੇ ਕਾਲਜ ਵਿਚਲੀ ਮਸਤੀ ਦੇ ਦਿਨ ਯਾਦ ਕਰਵਾ ਦਿੱਤੇ। ਪੈਰੀ ਮਾਹਲ ਨੇ ਸ਼ਹੀਦ ਭਗਤ ਸਿੰਘ ਅਤੇ ਗ਼ਦਰੀ ਯੋਧੇ ਬਾਬਾ ਸੋਹਨ ਸਿੰਘ ਭਕਨਾ ਬਾਰੇ ਨਿੱਜੀ ਅਨੁਭਵ ਸਾਂਝੇ ਕੀਤੇ। ਗੁਰਦੀਪ ਚੀਮਾ ਨੇ ਗ਼ਦਰੀ ਬਾਬੇ ਸੋਹਨ ਸਿੰਘ ਭਕਨਾ ਨਾਲ ਮਿਲਣੀ ਅਤੇ ਨਿੱਜੀ ਸੰਪਰਕ ਦੀਆਂ ਯਾਦਾਂ ਦੁਹਰਾਈਆਂ। ਇਕਬਾਲ ਖ਼ਾਨ, ਸੁਬਾ ਸਾਦਿਕ, ਹਰਦੀਪ ਸਿੰਘ ਗੁਰਮ, ਸੁਖਦੇਵ ਕੌਰ ਢਾਅ ਅਤੇ ਹੋਰ ਹਾਜ਼ਰ ਸਾਹਿਤ ਪ੍ਰੇਮੀ ਇਸ ਵਿਚਾਰ ਚਰਚਾ ਵਿਚ ਸ਼ਾਮਲ ਹੋਏ। ਜਗਦੇਵ ਸਿੰਘ ਸਿੱਧੂ ਨੇ ਸਟੇਜ ਦੀ ਕਾਰਵਾਈ ਨਿਭਾਉਂਦਿਆਂ ਸਰੋਤਿਆਂ ਨੂੰ ਮੰਤਰ ਮੁਗਧ ਕਰੀ ਰੱਖਿਆ। ਅਖ਼ੀਰ ਵਿੱਚ ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਨੇ ਡਾ. ਸੁਰਿੰਦਰ ਧੰਜਲ ਅਤੇ ਹਾਜ਼ਰੀਨ ਦਾ ਤਹਿਦਿਲੋਂ ਧੰਨਵਾਦ ਕੀਤਾ।

# ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ

## ਰਾਈਟਰਜ਼ ਫੋਰਮ ਕੈਲਗਰੀ ਦੀ ਮੀਟਿੰਗ ਵਿੱਚ ਮੰਗਲ ਚੱਠਾ ਨੇ ਗਦਰੀ ਯੋਧਿਆਂ ਦੀ ਬਾਤ ਪਾਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ 4 ਮਾਰਚ ਨੂੰ ਕੋਸੋ ਹਾਲ ਵਿਚ ਹੋਈ। ਫੋਰਮ ਦੇ ਪ੍ਰਧਾਨ ਜਸਵੀਰ ਸਿਹੋਤਾ ਨੇ ਹਾਜ਼ਰ ਮੈਂਬਰਾਂ ਦਾ ਸੁਆਗਤ ਕਰਦਿਆਂ ਦੱਸਿਆ ਕਿ ਬਹੁਤੇ ਮੈਂਬਰ ਪੰਜਾਬ ਗਏ ਹੋਏ ਹਨ। ਉਸ ਨੇ ਅੰਤਰ ਰਾਸ਼ਟਰੀ ਮਹਿਲਾ ਦਿਵਸ ਦੇ ਸੰਬੰਧ ਵਿਚ ਔਰਤਾਂ ਦੇ ਸਨਮੁੱਖ ਚੁਣੌਤੀਆਂ ਦਾ ਜ਼ਿਕਰ ਕੀਤਾ। ਨਾਲ ਹੀ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਲੋੜ ਤੇ ਜ਼ੋਰ ਦਿੱਤਾ।

ਨਛੱਤਰ ਸਿੰਘ ਪੁਰਬਾ ਨੇ ਭਾਰਤ ਉੱਤੇ ਮੁਗਲਾਂ ਦੇ ਹਮਲਿਆਂ ਦਾ ਇਤਿਹਾਸ ਦੁਹਰਾਇਆ। ਉਸ ਨੇ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਨੂੰ ਅਸਲ ਵਿਚ ਜ਼ੁਲਮ, ਬੇਇਨਸਾਫੀਆਂ, ਪਾਖੰਡਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਖਿਲਾਫ ਸ਼ਬਦੀ-ਯੁੱਧ ਦੀ ਸੰਗਿਆ ਦਿੱਤੀ। ਪਰਮਜੀਤ ਕੌਰ ਨੇ ਹੁਣੇ ਹੁਣੇ ਦਿੱਲੀ ਯੂਨੀਵਰਸਿਟਿ ਤੋਂ ਪੰਜਾਬੀ ਵਿਚ ਡਾਕਟਰੇਟ ਦੀ ਡਿਗਰੀ ਲੈਣ ਦੀ ਖ਼ਬਰ ਸੁਣਾਈ, ਜਿਸ ਤੇ ਉਸ ਨੂੰ ਤਾੜੀਆਂ ਨਾਲ ਮੁਬਾਰਕਾਂ ਦਿੱਤੀਆਂ। ਉਸ ਦੇ ਥੀਸਿਸ ਦਾ ਵਿਸ਼ਾ ਸੀ - ਬਰਤਾਨੀਆਂ ਦੇ ਪੰਜਾਬੀ ਨਾਵਲਾਂ ਦਾ ਮਨੋ-ਵਿਸ਼ਲੇਸ਼ਣ। ਉਸ ਨੇ ਕਾਨਵੋਕੇਸ਼ਨ ਦੀ ਕਾਰਵਾਈ ਬਾਰੇ ਵੀਡੀ- ਸਾਂਝੀ ਕੀਤੀ। ਪਰਮਜੀਤ ਕੌਰ ਨੇ ਰਾਂਝੇ ਨੂੰ ਨਵੇਂ ਰੂਪ ਵਿਚ ਪੇਸ਼ ਕਰਦੀ ਕਵਿਤਾ ਸੁਣਾਈ - ਜੋਗੀ ਬਣਨਾ ਜੁਗਨੂੰ ਬਣਨਾ, ਜਿੱਥੇ ਜਾਣਾ ਚਾਨਣ ਕਰਨਾ। ਜਗਦੇਵ ਸਿੱਧੂ ਨੇ ਟਿੱਪਣੀ ਕੀਤੀ ਕਿ ਇਹ ਖ਼ਬਰ ਮਹਿਲਾ ਦਿਵਸ ਤੇ ਵਧੀਆ ਸੌਗਾਤ ਬਣ ਕੇ ਆਈ ਹੈ। ਉਸ ਨੇ ਕਿਹਾ ਕਿ ਕਾਨਵੋਕੇਸ਼ਨ ਦੌਰਾਨ ਡਿਗਰੀ ਲੈਣ ਵਾਲਿਆਂ ਵਿਚ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਕਿਤੇ ਵੱਧ ਹੋਣਾ ਅਤੇ ਇਸ ਮੌਕੇ ਭਾਰਤ ਦੀ ਮਹਿਲਾ ਰਾਸ਼ਟਰਪਤੀ ਦੁਆਰਾ ਡਿਗਰੀਆਂ ਪ੍ਰਦਾਨ ਕਰ ਕੇ ਭਾਸ਼ਣ ਦੇਣਾ ਹੋਰ ਵੀ ਸ਼ੋਭਾ ਅਤੇ ਮਾਣ ਵਾਲੀ ਗੱਲ ਹੈ।

ਮੰਗਲ ਚੱਠਾ ਨੇ ਸਟਾਕਟਨ ਗੁਰਦੁਆਰੇ ਅਤੇ ਆਸ ਪਾਸ ਦੇ ਇਲਾਕੇ ਵਿਚ ਗ਼ਦਰੀ ਯੋਧਿਆਂ ਦੀਆਂ ਯਾਦਗਾਰਾਂ ਦਾ ਅੱਖੀਂ ਦੇਖਿਆ ਨਕਸ਼ਾ ਪੇਸ਼ ਕੀਤਾ। ਉਸ ਨੇ ਦੱਸਿਆ ਕਿ ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਬਾਬਾ ਸੋਹਨ ਸਿੰਘ ਭਕਨਾ ਅਤੇ ਹੋਰ ਗ਼ਦਰੀਆਂ ਦੀਆਂ ਦੁਰਲੱਭ ਵਸਤਾਂ ਅਤੇ ਨਿਸ਼ਾਨੀਆਂ ਉਸੇ ਰੂਪ ਵਿਚ ਸਾਂਭ ਕੇ ਰੱਖੀਆਂ ਹੋਈਆਂ ਹਨ। ਉਨ੍ਹਾਂ ਯੋਧਿਆਂ ਦੀ ਕ੍ਰਾਂਤੀਕਾਰੀ ਭਾਵਨਾ ਬਾਰੇ ਇਨ੍ਹਾਂ ਸਤਰਾਂ ਦਾ ਹਵਾਲਾ ਦਿੱਤਾ - ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ। ਪਰਮਜੀਤ ਪੈਰੀ ਮਾਹਲ ਨੇ ਪੰਜਾਬ ਨਾਲ ਸਦੀਆਂ ਤੋਂ ਹੋ ਰਹੇ ਧੱਕਿਆਂ ਅਤੇ ਧੋਖਿਆਂ ਦਾ ਮੁੱਦਾ ਉਭਾਰਿਆ। ਉਸ ਨੇ ਕਾਮਯਾਬ ਜ਼ਿੰਦਗੀ ਲਈ ਸਾਕਾਰ ਪਹੁੰਚ, ਚੁਗਲੀ ਤੇ ਖ਼ੁਸ਼ਾਮਦ ਤੋਂ ਗੁਰੇਜ਼, ਗੱਲਬਾਤ ਦਾ ਵਧੀਆ ਸਲੀਕਾ ਵਰਗੇ ਗੁਰ ਦੱਸੇ। ਮਨਮੋਹਨ ਬਾਠ ਨੇ ਸੁਰੀਲੇ ਕੰਠ ਰਾਹੀਂ ਹਿੰਦੀ ਗੀਤ ਗਾ ਕੇ ਮਨੋਰੰਜਨ ਕੀਤਾ - ਜੋ ਬਾਤ ਤੁਝ ਮੇਂ ਹੈ, ਤੇਰੀ ਤਸਵੀਰ ਮੇਂ ਨਹੀਂ। ਕੁਲਬੀਰ ਸ਼ੇਰਗਿੱਲ ਨੇ ਸ਼ੇਅਰ ਸੁਣਾ ਕੇ ਹਾਜ਼ਰੀ ਲਵਾਈ। ਸਿਮਰ ਕੌਰ ਚੀਮਾ ਨੇ ਵਿਚਾਰ-ਚਰਚਾ ਵਿਚ ਹਿੱਸਾ ਲਿਆ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖ਼ੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਚੁੱਪ ਰਹਿਣਾ ਇੱਕ ਸਾਧਨਾ ਹੈ, ਪਰ ਸੋਚ ਸਮਝ ਕੇ ਬੋਲਣਾ ਇੱਕ ਕਲਾ ਹੈ।

## ਕਿਸਾਨ ਅੰਦੋਲਨ: ਸਰਕਾਰ ਕੁੜਿੱਕੀ ਵਿੱਚ ਜਾਂ ਕਿਸੇ ਦਾਅ ਪੇਚ 'ਤੇ ਐ !

ਇੱਕ ਵਾਰ ਫਿਰ ਕਿਸਾਨ ਆਪਣੀਆਂ ਮੰਗਾਂ ਦੀ ਯਾਦ ਦਿਵਾਉਣ ਲਈ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਪਹੁੰਚੇ। ਸੰਯੁਕਤ ਕਿਸਾਨ ਮੋਰਚਾ ਨੇ ਮਹਾਂ ਪੰਚਾਇਤ ਕੀਤੀ। ਉਸ ਦੇ ਪ੍ਰਤੀਨਿਧੀ ਖੇਤੀ ਮੰਤਰੀ ਨੂੰ ਮਿਲੇ ਅਤੇ ਉਨ੍ਹਾਂ ਨੇ ਯਾਦ ਦਿਵਾਇਆ ਕਿ ਜਿਨ੍ਹਾਂ ਵਾਅਦਾ ਦੇ ਨਾਲ ਕਿਸਾਨ ਅੰਦੋਲਨ ਸਮਾਪਤ ਹੋਇਆ ਸੀ, ਉਨ੍ਹਾਂ ਵਿੱਚ ਵਾਅਦਾ ਪੂਰਾ ਨਹੀਂ ਹੋ ਸਕਿਆ। ਚੰਗੀ ਗੱਲ ਹੈ ਕਿ ਇਸ ਵਾਰ ਨਾ ਤਾਂ ਪੁਲਿਸ ਨੇ ਉਨ੍ਹਾਂ ਨੂੰ ਦਿੱਲੀ ਵਿੱਚ ਦਾਖਲ ਹੋਣ ਰੋਕਿਆ ਅਤੇ ਮਹਾਂ ਪੰਚਾਇਤ ਕਰਨ ਤੋਂ ਰੋਕਿਆ ਅਤੇ ਨਾ ਹੀ ਖੇਤੀ ਮੰਤਰੀ ਉਨ੍ਹਾਂ ਮਿਲਣ ਤੋਂ ਕੰਨੀ ਕਤਰਾਏ। ਪਰ ਸਰਕਾਰ ਦੇ ਰੁੱਖ ਤੋਂ ਕਿਸਾਨ ਸੰਤੁਸ਼ਟ ਨਜ਼ਰ ਨਹੀਂ ਆਏ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਉਹ ਇੱਕ ਫਿਰ ਵੱਡਾ ਅੰਦੋਲਨ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਦੀਆਂ ਪੰਜਾ ਮੰਗਾਂ ਵਿੱਚ ਘੱਟੋ ਘਟ ਸਮਰਥਨ ਮੁੱਲ ਦੀ ਗਰੰਟੀ ਦਾ ਕਾਨੂੰਨ ਬਣਾਉਣਾ, ਬਿਜਲੀ ਦੀਆਂ ਦਰਾਂ ਉੱਤੇ ਨੀਤੀ ਬਣਾਉਣਾ, ਅੰਦੋਲਨ ਵਿੱਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ, ਕਿਸਾਨਾਂ ਖ਼ਿਲਾਫ਼ ਦਰਜ ਮੁਕੱਦਮੇ ਵਾਪਸ ਲੈਣ ਅਤੇ ਅਜੇ ਮਿਸ਼ਰਾ ਨੂੰ ਬਰਖ਼ਾਸਤ ਕਰਨਾ। ਇਨ੍ਹਾਂ ਵਿੱਚੋਂ ਕੋਈ ਮੰਗ ਸਰਕਾਰ ਲਈ ਸੁਵਿਧਾਜਨਕ ਨਹੀਂ ਹੈ। ਘੱਟੋ ਘਟ ਸਮਰਥਨ ਮੁੱਲ ਉੱਤੇ ਕਾਨੂੰਨ ਬਣਾਉਣ ਦੀ ਮੰਗ ਤਾਂ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਨਾਲ ਜੁੜੀ ਹੋਈ ਸੀ। ਜੇਕਰ ਸਰਕਾਰ ਇਸ ਨੂੰ ਲੈ ਕੇ ਗੰਭੀਰ ਹੁੰਦੀ ਤਾਂ ਤਿੰਨ ਕਾਨੂੰਨਾਂ ਨੂੰ ਰੱਦ ਕਰ ਦੇ ਨਾਲ ਹੀ ਘੱਟੋ ਘਟ ਸਮਰਥਨ ਮੁੱਲ ਨੂੰ ਲੈ ਕੇ ਗਰੰਟੀ ਵਾਲਾ ਕਾਨੂੰਨ ਦਾ ਖਰੜਾ ਤਿਆਰ ਕਰ ਚੁੱਕੀ ਹੁੰਦੀ।ਹਾਲਾਂਕਿ ਅੰਦੋਲਨ ਸਮਾਪਤ ਕਰਨ ਦੀ ਅਪੀਲ ਦੇ ਨਾਲ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਕਿਸਾਨਾਂ ਉੱਤੇ ਦਰਜ ਮੁਕੱਦਮੇ ਵਾਪਸ ਲੈ ਲਵੇਗੀ, ਪਰ ਸਾਲ ਭਰ ਤੋਂ ਜ਼ਿਆਦਾ ਸਮਾਂ ਬੀਤ ਜਾਣ ਦੇ ਬਾਅਦ ਵੀ ਉਹ ਇਸ ਦਿਸ਼ਾ ਵਿੱਚ ਅੱਗੇ ਨਹੀਂ ਵਧ ਸਕੀ। ਜਿੱਥੋਂ ਤੱਕ ਮੁਆਵਜ਼ੇ ਦੀ ਗੱਲ ਹੈ, ਸਰਕਾਰ ਸ਼ੁਰੂ ਤੋਂ ਕਹਿੰਦੀ ਆ ਰਹੀ ਹੈ ਕਿ ਮਾਰੇ ਗਏ ਕਿਸਾਨਾਂ ਦਾ ਅਸਲ ਅੰਕੜਾ ਉਸ ਦੇ ਕੋਲ ਨਹੀਂ ਹੈ,ਇਸ ਲਈ ਮੁਆਵਜ਼ੇ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਜਾ ਸਕਦਾ। ਗ੍ਰਹਿ ਰਾਜ ਮੰਤਰੀ ਨੂੰ ਬਰਖ਼ਾਸਤ ਕਰਨ ਨੂੰ ਲੈ ਕੇ ਉਹ ਕਦੇ ਤਿਆਰ ਨਹੀਂ ਹੋਵੇਗੀ। ਤਮਾਮ ਅਦਾਲਤੀ ਸਖ਼ਤੀਆਂ ਦੇ ਬਾਵਜੂਦ ਸਰਕਾਰ ਨੇ ਉਸ ਨੂੰ ਬਚਾਇਆ ਹੋਇਆ ਹੈ, ਤਾਂ ਕਿਸਾਨਾਂ ਦੀ ਇਹ ਮੰਗ ਉਹ ਇੰਨੀ ਸਹਿਜਤਾ ਨਾਲ ਮੰਨ ਲਵੇਗੀ, ਕਹਿਣਾ ਮੁਸ਼ਕਿਲ ਹੈ। ਅਸਲ ਵਿੱਚ ਸਾਲ ਤੋਂ ਜ਼ਿਆਦਾ ਸਮਾਂ ਹੋਣ ਦੇ ਬਾਵਜੂਦ ਸਰਕਾਰ ਕਿਸਾਨਾਂ ਦੀਆਂ ਮੰਗਾਂ ਉੱਤੇ ਚੁੱਪ ਧਾਰ ਰੱਖੀ ਹੈ, ਇਸ ਲਈ ਸੁਭਾਵਿਕ ਹੈਕਿ ਕਿਸਾਨਾਂ ਵਿੱਚ ਰੋਸ ਪੈਦਾ ਹੋਵੇਗਾ। ਉਹ ਠੱਗੀਆਂ ਹੋਇਆ ਮਹਿਸੂਸ ਕਰਦੇ ਹਨ। ਹਾਲਾਂ ਕਿ ਸੰਯੁਕਤ ਕਿਸਾਨ ਮੋਰਚਾ ਨੇ ਅੰਦੋਲਨ ਤੋਂ ਵਾਪਸ ਜਾਂਦੇ ਸਮੇਂ ਵੀ ਕਿਹਾ ਸੀ ਕਿ ਉਸ ਦੇ ਲੋਕ ਕੁੱਝ ਦਿਨਾਂ ਲਈ ਛੁੱਟੀ ਉੱਤੇ ਜਾ ਰਹੇ ਹਨ, ਸਮੇਂ ਸਮੇਂ ਉਸ ਸਰਕਾਰ ਦੇ ਵਾਅਦਿਆਂ ਦੀ ਸਮੀਖਿਆ ਕਰਦੇ ਰਹਿਣਗੇ ਅਤੇ ਜੇਕਰ ਸਰਕਾਰ ਦਾ ਰੁੱਖ ਉਸਾਰੂ ਨਜ਼ਰ ਨਹੀਂ ਆਵੇਗਾ ਤਾਂ ਉਹ ਵਾਪਸ ਅੰਦੋਲਨ ਉੱਤੇ ਉੱਤਰਨਗੇ। ਸਰਕਾਰ ਨੇ ਸ਼ਾਇਦ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਸ ਨੂੰ ਘੱਟੋ ਘਟ ਸਮਰਥਨ ਮੁੱਲ ਲਈ ਕਮੇਟੀ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ, ਪਰ ਕਿਸਾਨਾਂ ਨੂੰ ਉਸ ਨੂੰ ਠੁਕਰਾ ਦਿੱਤਾ।ਉਨ੍ਹਾਂ ਕਹਿਣਾ ਹੈ ਕਿ ਇਸ ਨਾਲ ਸਬੰਧਿਤ ਸੁਝਾਅ ਫ਼ਾਰਮੂਲਾ ਪਹਿਲਾਂ ਹੀ ਕਈ ਮਾਹਿਰ ਦੇ ਚੁੱਕੇ ਹਨ, ਇਸ ਉੱਤੇ ਨਵੇਂ ਸਿਰੇ ਤੋਂ ਕਿਸੇ ਤਰ੍ਹਾਂ ਦੇ ਵਿਚਾਰ ਵਟਾਂਦਰੇ ਦੀ ਲੋੜ ਨਹੀਂ ਹੈ। ਫਿਰ ਜਿਸ ਤਰ੍ਹਾਂ ਸਰਕਾਰ ਕਮੇਟੀ ਵਿੱਚ ਆਪਣੇ ਲੋਕਾਂ ਨੂੰ ਸ਼ਾਮਲ ਕਰ ਕੇ ਆਪਣੇ ਮੁਤਾਬਿਕ ਸੁਝਾਅ ਦਿਵਾਉਣ ਦਾ ਯਤਨ ਕਰਦੀ ਰਹੀ ਹੈ, ਉਸ ਤੋਂ ਵੀ ਕਿਸਾਨਾਂ ਨੂੰ ਭਰੋਸਾ ਨਹੀਂ ਹੋ ਰਿਹਾ। ਆਮ ਚੋਣਾਂ ਦੇ ਐਲਾਨ ਵਿੱਚ ਸਿਰਫ਼ ਇੱਕ ਸਾਲ ਦਾ ਸਮਾਂ ਬਚਿਆ ਹੈ। ਜੇਕਰ ਫਿਰ ਵੀ ਸਰਕਾਰ ਅਤੇ ਕਿਸਾਨਾਂ ਦੇ ਵਿਚਾਲੇ ਤਣਾ? ਵਧਦਾ ਹੈ ਤਾਂ ਉਸ ਨਾਲ ਸਰਕਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਕਿਸਾਨ ਦੁਬਾਰਾ ਅੰਦੋਲਨ ਉੱਤੇ ਉੱਤਰਨ, ਇਸ ਦੇ ਲਈ ਸਰਕਾਰ ਨੂੰ ਵਿਵਹਾਰਿਕ ਰੁੱਖ ਅਪਣਾਉਣਾ ਪਵੇਗਾ। ਪਰ ਨਾਲ ਦੀ ਨਾਲ ਹੀ ਜੋ ਕੁੱਝ ਪੰਜਾਬ ਵਿੱਚ ਇਹਨੀ ਦਿਨੀ ਵਾਪਰ ਰਿਹਾ ਹੈ ਉਸ ਵਰਤਾਰੇ ਨੂੰ ਵੀ ਕਿਸਾਨੀ ਅੰਦੋਲਨ ਦੀਆਂ ਗਤੀਵਿਧੀਆਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਮੋਦੀ ਸਰਕਾਰ ਪੰਜਾਬ ਅਤੇ ਉਸਦੇ ਗੁਆਂਢੀ ਸੂਬਿਆਂ ਦਾ ਧਿਆਨ ਕਿਸੇ ਹੋਰ ਰੁੱਖ ਮੋੜਨਾ ਚਾਹੁੰਦੀ ਹੈ। ਅੰਮ੍ਰਿਤਪਾਲ ਸਿੰਘ ਦਾ ਪੰਜਾਬ ਵਿੱਚ ਦਾਖਲਾ, ਉਸਦੀਆਂ ਸਰਗਰਮੀਆਂ ਅਤੇ ਹੁਣ ਉਸ ਉੱਪਰ ਸਖਤ ਕਾਰਵਾਈ ਦੇ ਬਹਾਨੇ ਪੰਜਾਬ ਅੰਦਰ ਨੀਮ ਫੌਜੀ ਦਲਾਂ ਦੀ ਦਗੜ ਦਗੜ ,ਪੰਜਾਬ ਜਾਂ ਪੰਜਾਬ ਦੀ ਧਰਤੀ ਤੋਂ ਲੜੇ ਜਾਣ ਵਾਲੇ ਕਿਸਾਨੀ ਅੰਦੋਲਨ ਦੇ ਭਵਿੱਖ ਬਾਰੇ ਚਿੰਤਾ ਦੀ ਲਕੀਰ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਅਗਲੇ ਵਿੱਤੀ ਵਰ੍ਹੇ ਦਾ ਪੰਜਾਬ ਬਜ਼ਟ- ਕੁੱਝ ਤੱਥ

ਗੁਰਮੀਤ ਸਿੰਘ ਪਲਾਹੀ
-9815802070



ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਗਲੇ ਵਿੱਤੀ ਸਾਲ 2023-24 ਲਈ 1,96,462 ਕਰੋੜ ਰੁਪਏ ਦਾ ਬਜ਼ਟ ਪੇਸ਼ ਕੀਤਾ ਹੈ। ਇਹ ਬਜ਼ਟ ਪਿਛਲੇ ਸਾਲ ਦੇ ਬਜ਼ਟ ਨਾਲੋਂ 26 ਫੀਸਦੀ ਵੱਧ ਹੈ, ਪਰ 2,3161 ਕਰੋੜ ਰੁਪਏ ਮਾਲੀ ਘਾਟੇ ਦਾ ਇਹ ਬਜ਼ਟ ਹੈ, ਜਿਸ ਦੀ ਪੂਰਤੀ ਲਈ ਸਰਕਾਰ ਵਲੋਂ ਕੋਈ ਤਜਵੀਜ਼ ਨਹੀਂ ਕੀਤੀ ਗਈ। ਵਿੱਤ ਮੰਤਰੀ ਨੇ ਕਿਹਾ ਕਿ ਚੋਰ ਮੋਰੀਆਂ ਬੰਦ ਕਰਕੇ ਆਮਦਨ ਵਿੱਚ ਵਾਧਾ ਕੀਤਾ ਜਾਵੇਗਾ। ਨਵਾਂ ਟੈਕਸ ਕੋਈ ਨਹੀਂ ਲਗਾਇਆ ਗਿਆ। ਅਗਲੇ ਵਿੱਤੀ ਸਾਲ ਤੱਕ ਸੂਬੇ ਸਿਰ ਕੁਲ ਮਿਲਾਕੇ 3,47,542 ਕਰੋੜ ਰੁਪਏ ਦਾ ਕਰਜ਼ਾ ਚੜ੍ਹ ਜਾਏਗਾ! ਕਿਉਂਕਿ ਚਾਲੂ ਵਿੱਤੀ ਸਾਲ ਵਿੱਚ ਵੀ ਸਰਕਾਰ ਨੇ 3,0986 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ

ਸਰਕਾਰ ਵਲੋਂ ਵੱਖ-ਵੱਖ ਮੁੱਦਿਆਂ ਲਈ ਰਾਸ਼ੀ ਉਪਲੱਬਧ ਕਰਾਉਣ ਦੀ ਬਜ਼ਟ ਵਿੱਚ ਤਜਵੀਜ਼ ਰੱਖੀ ਹੈ, ਜਿਸ ਵਿੱਚ ਖੇਤੀ, ਸਿੱਖਿਆ, ਸਿਹਤ, ਟ੍ਰਾਂਸਪੋਰਟ, ਜਲ ਸਪਲਾਈ, ਹੁਨਰ ਵਿਕਾਸ ਆਦਿ ਸ਼ਾਮਲ ਹਨ। ਪਰ ਪੰਜਾਬ ਸਿਰ ਨਿੱਤ ਪ੍ਰਤੀ ਜੋ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ, ਉਸਨੂੰ ਉਤਾਰਨ ਅਤੇ ਸੂਬੇ ਦੀ ਆਮਦਨੀ ਵਧਾਉਣ ਲਈ ਕੋਈ ਠੋਸ ਯੋਜਨਾਬੰਦੀ ਨਹੀਂ ਦਿਖਾਈ ਦਿੰਦੀ। ਇਸ ਤੋਂ ਵੱਡੀ ਗੱਲ ਬਜ਼ਟ ਵਿੱਚ ਇਹ ਵਿਖਾਈ ਦਿੰਦੀ ਹੈ ਕਿ ਪੇਂਡੂ ਵਿਕਾਸ ਨੂੰ ਸਰਕਾਰ ਨੇ ਪੂਰੀ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਹੈ, ਪੇਂਡੂ ਵਸੋਂ ਜੋ ਪੰਜਾਬ 'ਚ ਲਗਭਗ 70 ਫੀਸਦੀ ਹੈ, ਉਸ ਨਾਲ ਸਿੱਧਾ ਧੋਖਾ ਹੈ।

ਹਰ ਵਰ੍ਹੇ ਸੂਬੇ ਦੇ ਮੁਲਾਜ਼ਮ ਤੇ ਪੈਨਸ਼ਨਰ ਸਰਕਾਰ ਤੋਂ ਵੱਡੀਆਂ ਆਸਾਂ ਰੱਖਦੇ ਹਨ, ਜਿਹਨਾ ਦੀ ਗਿਣਤੀ 7 ਲੱਖ ਹੈ। ਬਜ਼ਟ ਵਿੱਚ ਇਹਨਾ ਮੁਲਾਜ਼ਮਾਂ ਨੂੰ ਆਸ ਸੀ ਕਿ ਡੀਏ ਕਿਸ਼ਤ ਅਤੇ ਹੋਰ ਬਕਾਏ ਆਦਿ ਦੇਣ ਸਬੰਧੀ ਬਜ਼ਟ ਵਿੱਚ ਪ੍ਰਾਵਧਾਨ ਕੀਤਾ ਜਾਏਗਾ ਪਰ ਇਹ ਚੁੱਪੀ ਮੁਲਾਜ਼ਮਾਂ ਨੂੰ ਰੜਕਦੀ ਹੈ। ਆਸ ਸੀ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ, ਬੁਢਾਪਾ ਪੈਨਸ਼ਨ 'ਚ ਵਾਧਾ ਆਦਿ ਸਮਾਜ ਭਲਾਈ ਗਰੰਟੀਆਂ ਜੋ 'ਆਪ' ਸਰਕਾਰ ਵਲੋਂ ਚੋਣ ਮੌਕੇ ਦਿੱਤੀਆਂ ਗਈਆਂ ਸਨ, ਉਹ ਪੂਰੀਆਂ ਹੋਣਗੀਆਂ, ਪਰ ਇਹ ਗਰੰਟੀ ਜਾਂ ਹੋਰ ਗਰੰਟੀਆਂ ਪੂਰੀਆਂ ਨਾ ਹੋਣ ਨਾਲ ਲੋਕਾਂ ਦੀਆਂ ਉਮੀਦਾਂ ਚਕਨਾਚੂਰ ਹੋਈਆਂ ਹਨ।

ਆਸ ਸੀ ਕਿ ਪ੍ਰਵਾਸ ਦੇ ਰਾਹ ਪਏ ਪੰਜਾਬੀ ਨੌਜਵਾਨਾਂ ਨੂੰ ਰੋਕਣ ਲਈ ਉਚੇਰੀ ਸਿੱਖਿਆ ਦੇ ਫੰਡਾਂ 'ਚ ਵਾਧਾ ਹੋਏਗਾ, ਪਰ ਇੰਜ ਨਹੀਂ ਹੋ ਸਕਿਆ। ਸਰਕਾਰ ਵਲੋਂ ਪੰਜਾਬ ਦੀਆਂ ਯੂਨੀਵਰਸਿਟੀਆਂ ਲਈ 990 ਕਰੋੜ ਰੱਖੇ ਗਏ ਹਨ, ਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਜੋ ਪਹਿਲਾਂ ਹੀ ਵੱਡੇ ਘਾਟੇ 'ਚ ਚੱਲ ਰਹੀ ਹੈ, ਉਸ ਦੇ ਬਜ਼ਟ 'ਚ 34 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਗਈ ਹੈ। ਪੰਜਾਬ ਦੇ ਸਨੱਅਤਕਾਰ ਵੀ ਬਜ਼ਟ ਤੋਂ ਬਹੁਤ ਨਿਰਾਸ਼ ਹੋਏ ਹਨ, ਕਿਉਂਕਿ ਉਹਨਾ ਨੂੰ ਸਸਤੀ ਬਿਜਲੀ ਦੀ ਕੋਈ ਰਾਹਤ ਨਹੀਂ ਮਿਲੀ।

ਇਸ ਬਜ਼ਟ ਨੂੰ ਸੂਬੇ ਦੀਆਂ ਸਿਆਸੀ ਧਿਰਾਂ ਨੇ ਤਾਂ ਨਿਕਾਰਿਆ ਹੀ, ਪਰ ਆਮ ਲੋਕਾਂ ਵਲੋਂ ਵੀ ਇਸ ਬਜ਼ਟ ਨੂੰ ਕਿਸੇ ਵੀ ਧਿਰ ਵਲੋਂ ਲੋਕ ਹਿਤੈਸ਼ੀ ਨਹੀਂ ਸਮਝਿਆ ਜਾ ਰਿਹਾ।

ਪੰਜਾਬ ਦੀਆਂ ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਮੌਜੂਦ ਸਰਕਾਰ ਨੇ ਪੰਜਾਬ ਨੂੰ ਆਰਥਿਕ ਬਰਬਾਦੀ ਦੇ ਰਾਹ ਪਾ ਦਿੱਤਾ ਹੈ ਅਤੇ ਬਜ਼ਟ ਨੇ ਲੋਕਾਂ ਦੇ ਸੁਪਨੇ ਚੂਰ ਚੂਰ ਕਰ ਦਿੱਤੇ ਹਨ। ਪਰ ਕੀ ਉਹ ਆਪ ਵੀ ਪੰਜਾਬ ਦੀ ਆਰਥਿਕ ਬਰਬਾਦੀ ਲਈ ਜ਼ੁੰਮੇਵਾਰ ਨਹੀਂ ਹਨ? ਅਕਾਲੀ -ਭਾਜਪਾ, ਕਾਂਗਰਸ ਨੇ ਜਿੰਨਾ ਸਮਾਂ ਵੀ ਪੰਜਾਬ 'ਤੇ ਰਾਜ ਕੀਤਾ, ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਗਾਇਆ।

ਵਿਰੋਧੀ ਧਿਰਾਂ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ :-

1) ਪੇਂਡੂ ਵਿਕਾਸ ਲਈ 3,319 ਕਰੋੜ ਅਤੇ ਸ਼ਹਿਰੀ ਵਿਕਾਸ ਲਈ 6596 ਕਰੋੜ ਬਜ਼ਟ ਵਿਵਸਥਾ ਕੀਤੀ ਗਈ ਹੈ ਜਦਕਿ ਸੂਬੇ ਚ ਪੇਂਡੂ ਅਬਾਦੀ ਜਿਆਦਾ ਹੈ। ਇਹ ਨਿਰਾ ਵਿਤਕਰਾ ਹੈ।

2) ਪੰਜਾਬ ਦੇ ਬਜ਼ਟ ਵਿੱਚ ਉਦਯੋਗ ਖਣਿਜਾਂ ਦੇ ਖਰਚੇ 530 ਕਰੋੜ ਤੋਂ ਘਟਾ ਕੇ 454 ਕਰੋੜ ਕਰ ਦਿੱਤੇ ਗਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਰਾਜ ਕੋਲ ਉਦਯੋਗ ਉਤਸ਼ਾਹਤ ਕਰਨ ਲਈ ਵੱਡੀ ਰਾਸ਼ੀ ਕਿਉਂ ਨਹੀਂ ਰੱਖੀ ਗਈ ਹੈ?

3) ਆਪ ਸਰਕਾਰ ਨੇ ਆਪਣੀਆਂ ਗਰੰਟੀਆਂ ਪੂਰੀਆਂ ਨਹੀਂ ਕੀਤੀਆਂ ਸੂਬੇ ਦੀਆਂ ਬੀਬੀਆਂ ਨੂੰ 1000 ਰੁਪਏ ਮਾਸਿਕ ਦੇਣ ਦਾ ਵਾਇਦਾ ਪੂਰਾ ਨਹੀਂ ਕੀਤਾ ।ਬਿਨਾਂ ਸ਼ੱਕ ਉਪਰੋਕਤ ਤੱਥਾਂ ਵਿੱਚ ਸੱਚਾਈ ਹੈ ।

ਆਪ ਸਰਕਾਰ ਜੋ ਕਿ ਤਬਦੀਲੀ ਦੀ ਸੂਚਕ ਬਣ ਕੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਲੋਕ ਕਚਹਿਰੀ ਵਿੱਚ ਪ੍ਰਗਟ ਹੋਈ ਸੀ , ਤੋਂ ਤਵੱਕੋ ਸੀ ਕਿ ਉਹ ਜੇਕਰ ਘੱਟੋ-ਘੱਟ ਆਪਣਾ ਪਹਿਲਾ ਨੌ ਮਹੀਨਿਆਂ ਵਾਲਾ ਬਜ਼ਟ ਲੋਕ-ਪੱਖੀ ਪੇਸ਼ ਕਰਨ ਚ ਅਸਮਰਥ ਰਹੀ ਸੀ , ਦੂਜਾ ਬਜ਼ਟ ਤਾਂ ਲੋਕ ਹਿਤੈਸ਼ੀ ਪੇਸ਼ ਕਰਦੀ।

2023-24 ਬਜ਼ਟ ਦੇ ਅੰਕੜੇ ਵੱਡੇ ਹਨ, ਵੱਡੇ-ਵੱਡੇ ਅਖ਼ਬਾਰੀ ਇਸ਼ਤਿਹਾਰ ਛਾਪ ਕੇ ਲੋਕਾਂ ਦੀਆਂ ਅੱਖਾਂ ਚੁੰਧਿਆਉਣ ਦਾ ਯਤਨ ਸਰਕਾਰ ਨੇ ਕੀਤਾ ਹੈ ਅਤੇ ਕਿਹਾ ਹੈ ਕਿ ਬਜ਼ਟ ਚ 26 ਫੀਸਦੀ ਵਾਧਾ ਕਰ ਦਿੱਤਾ ਹੈ । ਟਰਾਂਸਪੋਰਟ ਚ 42 ਫੀਸਦੀ , ਖੇਤੀ ਬਜ਼ਟ 'ਚ 42 ਫੀਸਦੀ , ਰੁਜ਼ਗਾਰ ਤੇ ਹੁਨਰ ਵਿਕਾਸ ਬਜ਼ਟ 'ਚ 36 ਫੀਸਦੀ , ਸਿੱਖਿਆ ਬਜ਼ਟ 'ਚ 12 ਫੀਸਦੀ, ਸਿਹਤ ਅਤੇ ਰੁਜ਼ਗਾਰ ਬਜ਼ਟ 'ਚ 11 ਫੀਸਦੀ ਵਾਧਾ ਕੀਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਸਿੱਖਿਆ, ਸਿਹਤ , ਰੁਜ਼ਗਾਰ ਖੇਤੀਬਾੜੀ ਖੇਤਰ 'ਚ ਇਸ ਨਾਲ ਇਨਕਲਾਬੀ ਤਬਦੀਲੀ ਆਵੇਗੀ । ਲੋਕਾਂ ਦੀ ਜੂਨ ਸੁਧਰ ਜਾਵੇਗੀ। 26,797 ਨਵੀਆਂ ਨੌਕਰੀਆਂ ਦਿੱਤੀਆਂ ਜਾਣਗੀਆਂ। 26,295 ਕਰੋੜ ਨਾਲ ਬੁਨਿਆਦੀ ਢਾਂਚੇ ਦਾ ਵਿਕਾਸ ਹੋਵੇਗਾ। 17072 ਕਰੋੜ ਨਾਲ ਉਚੇਰੀ ਸਿੱਖਿਆ ਸੁਧਰੇਗੀ। 13,888 ਕਰੋੜ ਰੁਪਏ ਖੇਤੀ ਖੇਤਰ ਲਈ ਵਰਤੇ ਜਾਣਗੇ। 9,781 ਕਰੋੜ ਸਿਹਤ ਅਤੇ ਪਰਿਵਾਰ ਭਲਾਈ ਲਈ ਨੀਅਤ ਕੀਤੇ ਹਨ । ਪਰ ਕੀ ਇਸ ਨਾਲ ਟੁੱਟ-ਫੁੱਟ ਚੁੱਕੀ ਖੇਤੀ ਖੇਤਰ 'ਚ ਸੁਧਾਰ ਆਏਗਾ?

ਖੇਤੀ ਨੂੰ ਫਸਲੀ ਚੱਕਰ ਵਿਚ ਕੱਢਣ ਲਈ ਫਸਲ ਵਨ ਸੁਵੰਨਤਾ ਲਾਗੂ ਕਰਨ ਲਈ 1000 ਕਰੋੜ ਦੀ "ਭਾਅ ਅੰਤਰ ਯੋਜਨਾ" ਦਾ ਐਲਾਨ ਕੀਤਾ ਗਿਆ ਹੈ। ਪਰ ਬਜ਼ਟ 'ਚ ਸਬਜ਼ੀਆਂ ਤੇ ਐਮ.ਐਸ.ਪੀ. ਦੀ ਕੋਈ ਗੱਲ ਸਰਕਾਰ ਵੱਲ ਕਹੀ ਨਹੀਂ ਗਈ । ਬਿਜਲੀ ਤੇ 300 ਯੂਨਿਟ ਮੁਫ਼ਤ ਘਰੇਲੂ ਖਪਤਕਾਰਾਂ ਲਈ ਸਹੂਲਤ ਜਾਰੀ ਰਹੇਗੀ ਤੇ ਕਿਸਾਨਾਂ ਲਈ ਬਿਜਲੀ ਸਬਸਿਡੀ ਵੀ ਲਾਗੂ ਰਹੇਗੀ । ਕੀ ਸਰਕਾਰ ਨੂੰ ਬਿਜਲੀ ਸਬਸਿਡੀ ਨੂੰ ਤਰਕ ਸੰਗਤ ਬਨਾਉਣ ਲਈ ਪਹਿਲ ਕਦਮੀ ਨਹੀਂ ਸੀ ਕਰਨੀ ਚਾਹੀਦੀ? ਉਹ ਲੋਕ ਜਿਹੜੇ ਬਿਜਲੀ ਦਾ ਬਿੱਲ ਅਦਾ ਕਰ ਸਕਦੇ ਹਨ ਉਹਨਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਕੀ ਤੁਕ ਹੈ? ਉਹ ਵੱਡੇ ਕਿਸਾਨ ਜ਼ਿਮੀਦਾਰ ਜਿਹਨਾਂ ਦੀਆਂ ਆਪਣੇ ਖੇਤਾਂ ਚ ਦਰਜਨਾਂ ਭਰ ਮੋਟਰਾਂ ਜ਼ਮੀਨ 'ਚੋਂ ਮੁਫ਼ਤ ਪਾਣੀ ਕੱਢਦੀਆਂ ਹਨ , ਉਹਨਾਂ ਨੂੰ ਸਬਸਿਡੀ ਦਿੱਤੇ ਜਾਣਾ ਕਿਵੇਂ ਠੀਕ ਹੈ? ਉਹ ਸਰਕਾਰ ਜਿਹੜੀ ਕਹਿੰਦੀ ਹੈ ਕਿ ਉਸ ਵਲੋਂ ਤਰਕ ਸੰਗਤੀ ਫੈਸਲੇ ਲਏ ਜਾ ਰਹੇ ਹਨ , ਉਹ ਘਾਟੇ ਤੇ ਜਾ ਰਹੇ ਸੂਬੇ ਅਤੇ ਲੋਕਾਂ ਦੀ ਕਮਾਈ 'ਚੋਂ ਦਿੱਤੇ ਟੈਕਸਾਂ 'ਚੋਂ ਇਸ ਢੰਗ ਨਾਲ ਪੈਸੇ ਦੀ ਵਰਤੋਂ ਨੂੰ ਕਿਵੇਂ ਯੋਗ ਠਹਿਰਾ ਸਕਦੀ ਹੈ?

ਸਿੱਖਿਆ ਖੇਤਰ ਪੰਜਾਬ ਲਈ ਬਹੁਤ ਮਹੱਤਵਪੂਰਨ ਹੈ। ਪੰਜਾਬ 'ਚ ਪ੍ਰਾਇਮਰੀ ਅਤੇ ਹਾਈ ਸਕੂਲ ਸਿੱਖਿਆ ਦਾ ਬੁਰਾ ਹਾਲ ਹੈ। ਅਧਿਆਪਕਾਂ ਦੀ ਕਮੀ ਹੈ। ਬੁਨਿਆਦੀ ਢਾਂਚਾ ਕਮਜ਼ੋਰ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਦੇ ਹਾਲਾਤ ਖਰਾਬ ਹਨ। ,ਪਾਰਟ ਟਾਈਮ ਟੀਚਰਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ 'ਚ ਖੁਲ੍ਹੇ ਗੈਰ-ਸਰਕਾਰੀ ਪ੍ਰੋਫੈਸ਼ਨਲ ਕਾਲਜ ਬੰਦ ਹੋਣ ਵੱਲ ਤੁਰੇ ਹੋਏ ਹਨ। ਤਿੰਨ ਜਾਂ ਪੰਜ ਸਤਾਰਾ ਹੋਟਲਾਂ ਵਰਗੇ ਮਾਡਲ, ਪਬਲਿਕ ਸਕੂਲਾਂ, ਆਇਲਿਟਸ ਸੈਂਟਰਾਂ ਅਤੇ ਟਰੈਵਲ ਏਜੰਟਾਂ ਦੀਆਂ ਪੌ-ਬਾਰਾਂ ਹਨ ਪੰਜਾਬ 'ਚ ! ਧੜਾਧੜ ਪੰਜਾਬ ਵਿਦੇਸ਼ਾਂ ਨੂੰ ਤੁਰ ਰਿਹਾ ਹੈ। ਜਵਾਨੀ ਮੋਢੇ ਬਸਤਾ, ਹੱਥ ਅਟੈਚੀ ਫੜ ਔਝੜੇ ਰਾਹੀਂ ਵਿਦੇਸ਼ ਜਾਣ ਲਈ ਤਰਲੋਮੱਛੀ ਹੈ। ਹੈਰਾਨੀ ਹੋ ਰਹੀ ਹੈ ਬਜ਼ਟ ਵੇਖਕੇ ਕਿ ਇਸ ਵਰਤਾਰੇ ਨੂੰ ਰਿਕਣ ਲਈ "ਇਨਕਲਾਬੀ" ਸਰਕਾਰ ਨੇ ਕੋਈ ਵੱਡੇ ਕਦਮ ਨਹੀਂ ਪੁੱਟੇ, ਜਿਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਸੱਟ ਵੱਜ ਰਹੀ ਹੈ। ਕੈਨੇਡਾ ਪੜ੍ਹਾਈ 'ਤੇ ਜਾਣ ਲਈ 15-20 ਲੱਖ ਰੁਪਏ ਪ੍ਰਤੀ ਵਿਦਿਆਰਥੀ ਖਰਚਕੇ ਪੰਜਾਬ ਦੀ ਧਰਤੀ ਤੋਂ ਬਾਹਰ ਜਾ ਰਹੇ ਹਨ। ਕਿੰਨੀ ਰਕਮ ਰੱਖੀ ਗਈ ਹੈ, ਇਸ ਵਰਤਾਰੇ ਨੂੰ ਰੋਕਣ ਲਈ ਬਜ਼ਟ 'ਚ। ਕੀ ਮੌਜੂਦਾ ਸਰਕਾਰ ਵੀ ਪੰਜਾਬ 'ਚ ਉਲੂ ਬੋਲਦੇ ਵੇਖਣਾ ਚਾਹੁੰਦੀ ਹੈ?

ਕੀ ਮੌਜੂਦਾ ਸਰਕਾਰ ਇਸ ਤੱਥ ਤੋਂ ਜਾਣੂ ਨਹੀਂ ਕਿ ਪੰਜਾਬ ਨਸ਼ਿਆਂ ਨਾਲ ਝੁਲਸਿਆ ਜਾ ਰਿਹਾ ਹੈ। ਗੈਂਗਸਟਰਾਂ ਦੀ ਭੇਂਟ ਚੜ੍ਹ ਰਿਹਾ ਹੈ। ਕਾਨੂੰਨ ਅਵਸਥਾ ਕਾਇਮ ਰੱਖਣ ਲਈ 10,523 ਕਰੋੜ ਰੁਪਏ ਰੱਖਣਾ ਚੰਗੀ ਗੱਲ ਹੈ, ਪਰ ਨਸ਼ਿਆਂ ਗ੍ਰਸਤ ਨੌਜਵਾਨਾਂ ਲਈ ਹੋਰ "ਨਸ਼ਾ ਛੁਡਾਓ ਸੈਂਟਰ" ਖੋਹਲਣ ਅਤੇ ਪਹਿਲਿਆਂ ਲਈ ਵਧ ਬਜ਼ਟ ਅਲਾਟ ਕਰਨਾ ਕੀ ਵੱਡੀ ਲੋੜ ਨਹੀਂ ਸੀ? ਸਰਕਾਰ ਨੇ ਉੱਚ ਸਿੱਖਿਆ ਅਤੇ ਸਿੱਖਿਆ ਲਈ ਬਜ਼ਟ 'ਚ ਵਾਧਾ ਕੀਤਾ ਹੈ, ਪਰ ਕੀ ਟੀਚਰਾਂ, ਪ੍ਰਿੰਸੀਪਲਾਂ ਨੂੰ ਸਿੰਗਾਪੁਰ ਟਰੇਨਿੰਗ ਲਈ ਭੇਜਣ ਨਾਲ ਕੁਝ ਬਣ ਸਕੇਗਾ? ਕੀ ਸਿੱਖਿਆ ਸੁਧਾਰ ਲਈ ਸਿਸਟਮ 'ਚ ਬਦਲਾਅ ਲਿਆਉਣਾ ਜ਼ਰੂਰੀ ਨਹੀਂ ਹੈ? ਬਜ਼ਟ ਜਾਂ ਸਰਕਾਰੀ ਨੀਤੀ ਇਸ ਬਾਰੇ ਚੁੱਪ ਕਿਉਂ ਹੈ?

ਪੰਜਾਬ ਸਮੱਸਿਆਵਾਂ ਨਾਲ ਘਿਰਿਆ ਪਿਆ ਹੈ।ਪੰਜਾਬ ਦੇ ਬਜ਼ਟ 'ਚ ਜੇਕਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਘੱਟਣ ਤੋਂ ਰੋਕਥਾਮ, ਪਰਾਲੀ ਜਲਾਉਣ ਤੋਂ ਰੋਕਣ ਲਈ ਉਪਾਅ ਅਤੇ ਵੱਡੀ ਰਕਮ, ਕਿਸਾਨਾਂ ਨੂੰ ਸਬਜ਼ੀਆਂ ਆਦਿ ਲਈ ਘੱਟੋ-ਘੱਟ ਮੁੱਲ ਨਿਰਧਾਰਤ ਕਰਨ ਲਈ ਰਕਮ ਰੱਖੀ ਹੁੰਦੀ ਤਾਂ ਪੰਜਾਬੀਆਂ ਨੂੰ ਕੁਝ ਰਾਹਤ ਮਿਲਦੀ। ਬਜ਼ਟ 'ਚ ਰੁਜ਼ਗਾਰ ਲਈ ਸਨਅਤ ਲਾਉਣ ਲਈ ਸਿੰਗਲ ਵਿੰਡੋ ਅਤੇ ਹੋਰ ਸਹੂਲਤਾਂ ਦੇਣ ਲਈ ਰਕਮ ਰਾਖਵੀਂ ਕੀਤੀ ਜਾਂਦੀ ਤਾਂ ਚੰਗਾ ਹੁੰਦਾ।

ਬਿਨ੍ਹਾਂ ਸ਼ੱਕ ਜਿਵੇਂ ਕਿ ਦਿਖਾਈ ਦਿੰਦਾ ਹੈ ਬਜ਼ਟ 'ਚ ਕਿ ਸਰਕਾਰ ਦੀ ਮਨਸ਼ਾ ਪੰਜਾਬ ਨੂੰ ਆਰਥਿਕ ਸਥਿਰਤਾ ਵੱਲ ਲੈ ਕੇ ਜਾਣ ਦੀ ਹੈ। ਸਰਕਾਰ ਨੇ ਪਿਛਲੇ ਲਏ ਕਰਜ਼ੇ ਦੇ 20,000 ਕਰੋੜ ਰੁਪਏ ਸਿਰਫ਼ ਵਿਆਜ ਦੇ ਜਮ੍ਹਾਂ ਕਰਵਾਏ ਹਨ ਅਤੇ 31,000 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ। ਭਾਵ ਕਰਜ਼ਾ ਲੈ ਕੇ ਪਿਛਲਾ ਵਿਆਜ ਚੁਕਤਾ ਕੀਤਾ ਜਾ ਰਿਹਾ ਹੈ। ਪਰ ਆਉਣ ਵਾਲੇ 4 ਸਾਲਾਂ ਵਿੱਚ ਜੇਕਰ ਕਰਜ਼ਾ ਹੋਰ ਵਧਦਾ ਗਿਆ ਤਾਂ ਪ੍ਰਤੀ ਸਾਲ ਵਿਆਜ ਹੀ 30,000 ਕਰੋੜ ਅਦਾ ਕਰਨ ਯੋਗ ਹੋਏਗਾ। ਇਸ ਮੰਦਹਾਲੀ 'ਚੋਂ ਨਿਕਲਣ ਸਿਰਫ਼ ਰਾਜ ਸਰਕਾਰ ਨੂੰ ਆਪਣੀ ਆਮਦਨ ਵਧਾਉਣੀ ਹੋਵੇਗੀ, ਜਿਸਦਾ ਟੀਚਾ ਇਸ ਵਰ੍ਹੇ ਲਈ 98552 ਕਰੋੜ ਰੁਪਏ ਰੱਖਿਆ ਗਿਆ ਹੈ। ਬਿਨ੍ਹਾਂ ਸ਼ੱਕ ਕੇਂਦਰੀ ਟੈਕਸਾਂ ਤੋਂ 18457 ਕਰੋੜ ਦੀ ਆਸ ਲਾਈ ਗਈ ਹੈ ਅਤੇ ਆਪਣੇ ਇਸ ਵਰ੍ਹੇ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ 20735 ਕਰੋੜ ਦੀ ਕੇਂਦਰੀ ਗ੍ਰਾਂਟ ਦੀ ਆਮਦਨ ਵੀ ਉਸ ਲਈ ਸਹਾਈ ਹੋ ਸਕਦੀ ਹੈ। ਪਰ ਜੇਕਰ ਸਰਕਾਰ ਜੀ.ਐਸ. ਟੀ.ਚੋਰੀ ਹੀ ਰੋਕ ਲਵੇ ਤਾਂ ਉਸਦੇ ਪੱਲੇ 30,000 ਕਰੋੜ ਪੈ ਜਾਣਗੇ। ਪਰ ਕੀ ਸਰਕਾਰ ਇੰਜ ਕਰ ਸਕੇਗੀ?

ਜਾਪਦਾ ਹੈ ਕਿ ਸਰਕਾਰਾਂ ਵਲੋਂ ਪੇਸ਼ ਕੀਤਾ ਕੋਈ ਵੀ ਬਜ਼ਟ ਸਿਰਫ ਅੰਕੜਿਆਂ ਦੀ ਖੇਡ ਹੈ! ਇਹ ਖੇਡ ਬਹੁਤੀ ਵੇਰ ਜਨਤਾ ਨੂੰ ਭਰਮਾਉਣ ਅਤੇ ਆਪਣੀ ਵੋਟ ਬੈਂਕ ਪੱਕੀ ਕਰਨ ਲਈ ਖੇਡੀ ਜਾਂਦੀ ਹੈ। ਕੇਂਦਰੀ ਬਜ਼ਟ ਇਸਦੀ ਵੱਡੀ ਉਦਾਹਰਨ ਹੈ।

ਲੋਕ ਸਦਾ ਉਡੀਕ ਕਰਦੇ ਹਨ ਕਿ ਸਰਕਾਰ ਜਿਥੇ ਵਿਕਾਸ ਦੇ ਕੰਮ ਕਰੇ, ਉਥੇ ਉਸ ਤੋਂ ਪਹਿਲਾ ਉਹਨਾ ਦੀ ਸਿਹਤ, ਸਿੱਖਿਆ, ਚੰਗੇ ਵਾਤਾਵਰਨ ਅਤੇ ਮੁੱਖ ਬੁਨਿਆਦੀ ਲੋੜਾਂ ਦੀ ਪੂਰਤੀ ਅਤੇ ਉਹਨਾ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੰਮ ਕਰੇ।

ਸ਼ਾਇਦ ਲੋਕਾਂ ਨੂੰ ਹਾਲੀ ਹੋਰ ਸਮਾਂ ਇਹੋ ਜਿਹੇ ਬਜ਼ਟ ਦੀ ਉਡੀਕ ਕਰਨੀ ਪਵੇਗੀ।

# ਸਰਕਾਰੀ ਪ੍ਰਬੰਧਾਂ ਤੋਂ ਅੱਕੇ ਬਜ਼ੁਰ.ਗ ਦਾ ਖਤਰਨਾਕ ਫੈਸਲਾ: ਸੰਵੇਦਨਸ਼ੀਲਤਾ ਕਹੀਏ ਕਿ ਕੁੱਝ ਹੋਰ?

**ਬਜ਼ੁਰ.ਗ ਨੇ ਆਪਣੇ ਅਤੇ ਪਤਨੀ ਨਾਲ ਕੀਤੇ ਵਾਅਦੇ ਨੂੰ ਨਿਭਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੇ ਅਤੇ ਆਪਣੀ ਪਤਨੀ ਦੇ ਸਾਂਝੇ ਅੰਤਮ ਸਸਕਾਰ ਵਾਸਤੇ, ਅਤੇ ਹੋਰ ਪ੍ਰਬੰਧਾਂ ਦਾ ਬੰਦੋਬਸਤ ਕਰਨਾ ਸ਼ੁਰੂ ਕਰ ਦਿੱਤਾ। ਬੱਚਿਆਂ ਨੂੰ ਚਿੱਠੀ ਲਿਖੀ। ਬੈਂਕਾਂ ਦਾ ਕੰਮ ਨਿਪਟਾਇਆ। ਮਕਾਨ ਮਾਲਕ ਨੂੰ ਅਗਾਊਂ ਰਕਮ ਦਿੱਤੀ ਤੇ ਨੋਟ ਭੇਜਿਆ ਕਿ ਉਹਨਾਂ ਦੀਆਂ ਲਾਸ਼ਾਂ ਚੁੱਕਣ ਲਈ ਫੋਨ ਕਾਲ ਕਰ ਦੇਵੇ। ਇਸ ਮਗਰੋਂ ਉਸ ਨੇ ਆਪਣੀ ਪਤਨੀ ਨੂੰ ਇਨਸੁਲਿਨ ਦੀਆਂ 3 ਡੋਜ਼ਾਂ ਦੇ ਦਿੱਤੀਆਂ ਤੇ ਘਰੋਂ ਚਲਿਆ ਗਿਆ।**







ਐਲਬਰਟਾ ਦੀ ਰਾਜਧਾਨੀ ਐਡਮੰਟਨ ਦੇ ਇੱਕ ਬਜ਼ੁਰ.ਗ ਨੂੰ ਦੋ ਸਾਲ ਘਰ ਵਿੱਚ ਨਜ਼ਰਬੰਦ ਕੀਤਾ ਗਿਆ ਹੈ ਤੇ ਇਸ ਮਗਰੋਂ ਉਸ ਨੂੰ 3 ਸਾਲ ਦੀ ਪ੍ਰੋਬੇਸ਼ਨ 'ਤੇ ਰਹਿਣਾ ਪਵੇਗਾ। ਮੌਜੂਦਾ ਸਮੇਂ ਇਸ ਬਜ਼ੁਰ.ਗ ਦੀ ਉਮਰ 75 ਸਾਲ ਹੈ ਅਤੇ ਉਸ ਉੱਪਰ ਦੋਸ਼ ਹੈ ਕਿ ਉਸ ਨੇ ਆਪਣੀ ਪਤਨੀ ਦਾ ਕਤਲ ਕੀਤਾ ਹੈ।

ਇਸ ਇੱਕ ਖਬਰ ਵਿੱਚ ਦੋ ਤਰ੍ਹਾਂ ਦੀ ਪ੍ਰਤੀਕਿਰਿਆ ਮਨ ਅੰਦਰ ਪੈਦਾ ਹੁੰਦੀ ਹੈ। ਪਹਿਲੀ ਨਫਰਤ ਦੀ ਕਿ ਇਸ ਉਮਰ ਵਿੱਚ ਜਾ ਕੇ ਉਸ ਨੇ ਇਹ ਕੀ ਕੀਤਾ ? ਦੂਜੀ ਹਮਦਰਦੀ ਦੀ ਕਿਉਂਕਿ ਇਹ ਔਰਤ ਬਹੁਤ ਜ਼ਿਆਦਾ ਬਿਮਾਰ ਸੀ, ਸਟਰੋਕ ਕਾਰਨ ਉਹ ਤੁਰ ਫਿਰ ਨਹੀਂ ਸੀ ਸਕਦੀ, ਡਿੱਗਣ ਕਾਰਨ ਉਸ ਦੇ ਅੰਗ ਨੁਕਸਾਨੇ ਗਏ ਸਨ, ਉਸ ਦੀ ਯਾਦ ਸ਼ਕਤੀ ਚਲੀ ਗਈ ਸੀ, ਉਹ ਬੋਲ ਵੀ ਨਹੀਂ ਸੀ ਸਕਦੀ ਤੇ ਉਸ ਦਾ ਘਰਵਾਲਾ ਉਸ ਨੂੰ ਕਿਸੇ ਕੇਅਰ ਹੋਮ ਵਿੱਚ ਨਹੀਂ ਸੀ ਛੱਡਣਾ ਚਾਹੁੰਦਾ।

ਸਾਲ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਇਹ ਜੋੜਾ ਮੌਂਟਰੀਆਲ ਤੋਂ ਐਡਮੰਟਨ ਆ ਵਸਿਆ ਸੀ। ਦੋ ਬੱਚੇ ਸਨ। ਸਾਲ 2011 ਵਿੱਚ ਔਰਤ ਨੂੰ ਸਟਰੋਕ ਹੋ ਗਿਆ ਜਿਸ ਦੇ ਸਿੰਪਟਮ (ਲੱਛਣ) ਡਾਕਟਰਾਂ ਵੱਲੋਂ .ਗਲਤ ਪਛਾਣੇ ਗਏ ਤੇ ਉਸ ਨੂੰ ਐਲਜ਼ਾਇਮਰ'ਜ਼ (ਯਾਦ ਸ਼ਕਤੀ ਚਲੇ ਜਾਣ) ਦਾ ਰੋਗ ਦੱਸਿਆ ਗਿਆ। ਇਸ ਮਗਰੋਂ ਉਸ ਦੀ ਬੋਲ ਸਕਣ ਦੀ ਤਾਕਤ ਵੀ ਜਾਂਦੀ ਰਹੀ। ਉਸ ਨੇ ਆਪਣੀ ਪਤਨੀ ਦੀ ਖ਼ੁਦ ਹੀ ਦੇਖ ਭਾਲ ਕਰਨ ਦਾ ਬੀੜਾ ਚੁੱਕਿਆ ਤੇ ਉਸ ਨੂੰ ਕਿਸੇ ਵੀ ਕੇਅਰ ਹੋਮ ਵਿੱਚ ਨਾ ਭੇਜਣ ਦਾ ਫੈਸਲਾ ਲਿਆ ਕਿਉਂਕਿ ਇਸ ਤਰ੍ਹਾਂ ਉਹ ਵੱਖ ਵੱਖ ਹੋ ਜਾਂਦੇ ਤੇ ਉਹ ਆਪਣੀ ਪਤਨੀ ਨੂੰ ਕਿਸੇ ਵੀ ਕੀਮਤ 'ਤੇ ਇਕੱਲਿਆਂ ਨਹੀਂ ਛੱਡਣਾ ਚਾਹੁੰਦਾ ਸੀ।

ਦੋਵਾਂ ਨੇ ਉਸੇ ਸਮੇਂ ਫੈਸਲਾ ਕੀਤਾ ਕਿ ਉਹ ਕਦੀ ਵੱਖ ਨਹੀਂ ਹੋਣਗੇ ਤੇ ਜੇ ਕਦੀ ਲੱਗਿਆ ਕਿ ਕੋਈ ਇੱਕ ਜਾ ਰਿਹਾ ਹੈ ਤਾਂ ਦੂਜਾ ਵੀ ਨਾਲ ਹੀ ਜਾਵੇਗਾ। ਇਸ ਸਮਾਂ ਸਾਲ 2018 ਵਿੱਚ ਆ ਗਿਆ। ਪਤਨੀ ਪੌੜੀਆਂ ਵਿੱਚੋਂ ਡਿੱਗ ਪਈ। ਉਸ ਦੇ ਗੰਭੀਰ ਸੱਟਾਂ ਲੱਗੀਆਂ।

ਬਜ਼ੁਰ.ਗ ਨੇ ਆਪਣੇ ਅਤੇ ਪਤਨੀ ਨਾਲ ਕੀਤੇ ਵਾਅਦੇ ਨੂੰ ਨਿਭਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੇ ਅਤੇ ਆਪਣੀ ਪਤਨੀ ਦੇ ਸਾਂਝੇ ਅੰਤਮ ਸਸਕਾਰ ਵਾਸਤੇ, ਅਤੇ ਹੋਰ ਪ੍ਰਬੰਧਾਂ ਦਾ ਬੰਦੋਬਸਤ ਕਰਨਾ ਸ਼ੁਰੂ ਕਰ ਦਿੱਤਾ। ਬੱਚਿਆਂ ਨੂੰ ਚਿੱਠੀ ਲਿਖੀ। ਬੈਂਕਾਂ ਦਾ ਕੰਮ ਨਿਪਟਾਇਆ। ਮਕਾਨ ਮਾਲਕ ਨੂੰ ਅਗਾਊਂ ਰਕਮ ਦਿੱਤੀ ਤੇ ਨੋਟ ਭੇਜਿਆ ਕਿ ਉਹਨਾਂ ਦੀਆਂ ਲਾਸ਼ਾਂ ਚੁੱਕਣ ਲਈ ਫੋਨ ਕਾਲ ਕਰ ਦੇਵੇ। ਇਸ ਮਗਰੋਂ ਉਸ ਨੇ ਆਪਣੀ ਪਤਨੀ ਨੂੰ ਇਨਸੁਲਿਨ ਦੀਆਂ 3 ਡੋਜ਼ਾਂ ਦੇ ਦਿੱਤੀਆਂ ਤੇ ਘਰੋਂ ਚਲਿਆ ਗਿਆ। ਥੋੜ੍ਹੀ ਦੇਰ ਬਾਦ ਵਾਪਸ ਆ ਕੇ ਉਸ ਨੇ ਆਪ ਵੀ ਇਹੀ ਡੋਜ਼ ਲਈ ਅਤੇ ਆਪਣੀ ਪਤਨੀ ਦੇ ਨਾਲ ਜਾ ਕੇ ਲੇਟ ਗਿਆ। ਉਸ ਨੂੰ ਸੱਤ ਸਾਲ ਤੋਂ ਵੱਧ ਸਮਾਂ ਹੋ ਗਿਆ ਸੀ ਕਿ ਉਹ ਆਪਣੀ ਪਤਨੀ ਦੀ ਦੇਖਭਾਲ ਕਰ ਰਿਹਾ ਸੀ ਪਰ ਉਸ ਦੇ ਪੌੜੀਆਂ ਤੋਂ ਡਿੱਗਣ ਤੋਂ ਬਾਦ ਉਹ ਇਹ ਕੰਮ ਕਰਨ ਤੋਂ ਅਸਮਰਥ ਹੋ ਗਿਆ ਸੀ। ਥੱਕੇ-ਹਾਰੇ ਬਜ਼ੁਰਗ ਨੇ ਖਤਰਨਾਕ ਫੈਸਲਾ ਲੈ ਲਿਆ। ਉੱਧਰ, ਉਸ ਦੇ ਘਰ ਮਾਲਕ ਨੇ ਨੋਟ ਦੇਖ ਲਿਆ ਤੇ ਪੁਲਿਸ ਕਾਲ ਕਰ ਦਿੱਤੀ। ਬਜ਼ੁਰਗ ਦੇ ਮਰ ਜਾਣ ਤੋਂ ਪਹਿਲਾਂ ਹੀ ਡਾਕਟਰੀ ਸਹਾਇਤਾ ਪਹੁੰਚ ਗਈ ਤੇ ਉਸ ਨੂੰ ਬਚਾ ਲਿਆ ਗਿਆ।

ਹੁਣ ਅਦਾਲਤ ਨੇ ਉਸ ਨੂੰ 2 ਸਾਲ ਦੀ ਘਰ ਵਿੱਚ ਕੈਦ ਅਤੇ ਮਗਰੋਂ 3 ਸਾਲ ਦਾ ਪ੍ਰੋਬੇਸ਼ਨ ਦਿੱਤਾ ਹੈ। ਇਸ ਜੋੜੇ ਦੀ ਬੇਟੀ ਨੇ ਵੀ ਆਪਣੇ ਪਿਤਾ ਨੂੰ ਦੋਸ਼ੀ ਨਹੀਂ ਮੰਨਿਆ। ਸਰਕਾਰੀ ਵਕੀਲ ਦਾ ਕਹਿਣਾ ਸੀ ਕਿ ਦੋਸ਼ੀ ਨੇ ਜਾਣ-ਬੁਝ ਕੇ, ਪੂਰੀ ਯੋਜਨਾਬੰਦੀ ਨਾਲ ਆਪਣੀ ਬਿਮਾਰ ਪਤਨੀ ਦਾ ਕਤਲ ਕੀਤਾ ਹੈ ਜਿਹੜੀ ਆਪਣੇ ਬਾਰੇ ਕੋਈ ਫੈਸਲਾ ਨਹੀਂ ਸੀ ਲੈ ਸਕਦੀ।

ਬਚਾਅਪੱਖ ਦੇ ਵਕੀਲ ਦਾ ਕਹਿਣਾ ਸੀ ਕਿ ਇਹ ਮਾਮਲਾ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਤੇ ਇਹ ਫੈਸ਼ਲਾ ਉਹ ਉਸ ਸਮੇਂ ਹੀ ਕਰ ਚੁੱਕੇ ਸਨ ਜਦ ਬਜ਼ੁਰਗ ਦੀ ਪਤਨੀ ਹੋਸ਼ ਵਿੱਚ ਸੀ।

ਬਜ਼ੁਰਗ ਦਾ ਕਹਿਣਾ ਹੈ ਕਿ ਸਰਕਾਰੀ ਪ੍ਰਬੰਧ ਉਹਨਾਂ ਨੂੰ ਵੱਖ ਕਰ ਦਿੰਦੇ ਪਰ ਉਹ ਅਜਿਹਾ ਨਹੀਂ ਸੀ ਚਾਹੁੰਦਾ। ਉਸ ਨੂੰ ਆਪਣੇ ਕੀਤੇ 'ਤੇ ਅਫ਼ਸੋਸ ਨਹੀਂ ਹੈ ਪਰ ਆਪਣੀ ਮੌਤ ਨਾ ਹੋਣ 'ਤੇ ਅਫਸੋਸ ਹੈ।

ਇਹ ਲੇਖ ਤੁਹਾਡੇ ਅੰਦਰ ਕੀ ਜਗਾਉਂਦਾ ਹੈ- ਬਜ਼ੁਰਗ ਪ੍ਰਤੀ ਨਫਰਤ ਜਾਂ ਹਮਦਰਦੀ ਜਾਂ ਕਿ ਸਰਕਾਰੀ ਤੰਤਰ ਪ੍ਰਤੀ ਗੁੱਸਾ ? ਜ਼ਰਾ ਕੁ ਵਿਚਾਰ ਕਰਨਾ !

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਮੁਸਕਾਨ
## ਜ਼ਿੰਦਗੀ ਦੀ ਬਹਾਰ



**ਅਜੀਤ ਸਿੰਘ ਚੰਦਨ**

ਜਿਨ੍ਹਾਂ ਦੇ ਹਿਰਦੇ ਪਾਕ ਤੇ ਸ਼ਫਾਫ ਹਨ, ਉਹ ਫੁੱਲਾਂ ਵਾਂਗ ਖਿੜਦੇ ਹਨ। ਉਨ੍ਹਾਂ ਦੇ ਮਨ ਦੁੱਧ ਧੋਤੇ ਹੁੰਦੇ ਹਨ ਤੇ ਕਿਸੇ ਵੀ ਗਿਲੇ-ਸ਼ਿਕਵੇ ਦੀ ਗੁੰਜਾਇਸ਼ ਉਨ੍ਹਾਂ ਕੋਲ ਨਹੀਂ ਹੁੰਦੀ। ਇਸੇ ਲਈ ਕਹਿੰਦੇ ਹਨ ਕਿ ਜਿਸ ਕੋਲ ਚੰਗਾ ਤੇ ਨਰੋਆ ਮਨ ਹੈ, ਉਹ ਇਨਸਾਨ ਹਮੇਸ਼ਾਂ ਖ਼ੁਸ਼ ਰਹਿ ਸਕਦਾ ਹੈ। ਮਨ ਦਾ ਅਕਸ ਹੀ ਚਿਹਰੇ ਵਿੱਚੋਂ ਝਲਕਦਾ ਹੈ। ਅੱਜ ਦੇ ਯੁੱਗ ਵਿੱਚ ਹਰ ਕਿਸੇ ਕੋਲ ਗਿਲੇ-ਸ਼ਿਕਵੇ, ਸ਼ਿਕਾਇਤਾਂ ਤੇ ਨਿਹੋਰਿਆਂ ਦੀ ਪੰਡ ਚੁੱਕੀ ਹੁੰਦੀ ਹੈ। ਜਦੋਂ ਵੀ ਕਿਸੇ ਦਾ ਹਾਲ ਪੁੱਛੋ ਤਾਂ ਹਰ ਕੋਈ ਆਪਣੇ ਮਨ ਦਾ ਦੁੱਖ ਲੈ ਕੇ ਬੈਠ ਜਾਂਦਾ ਹੈ। ਕੋਈ ਵਿਰਲਾ-ਟਾਵਾਂ ਹੀ ਹੋਵੇਗਾ, ਜੋ ਕਹੇ ਕਿ ਮੈਨੂੰ ਕਿਸੇ ਨਾਲ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਹੈ।

ਇਸ ਤੋਂ ਪਹਿਲਾਂ ਕਿ ਅਜਿਹਾ ਵਾਪਰੇ, ਇਨਸਾਨ ਨੂੰ ਆਪਣੀ ਲੋਭੀ ਬਿਰਤੀ ਵਾਲੀ ਕੁੰਜ ਉਤਾਰਨੀ ਪਵੇਗੀ। ਇਨਸਾਨ ਨੂੰ ਆਪਣੇ ਮੱਥੇ ਦੇ ਵੱਟ ਵੀ ਠੀਕ ਕਰਨੇ ਪੈਣਗੇ ਅਤੇ ਦਿਲ ਵਿੱਚ ਇਕੱਠੇ ਹੋਏ ਗੁੱਸੇ ਨੂੰ ਪਰ੍ਹੇ ਸੁੱਟਣਾ ਪਵੇਗਾ। ਇਹ ਗੁੱਸਾ, ਜੋ ਇਨਸਾਨ ਛੋਟੀ ਛੋਟੀ ਗੱਲ 'ਤੇ ਥੁੱਕਦਾ ਹੈ, ਇਸ ਗੁੱਸੇ ਕਾਰਨ ਹੀ ਉਸ ਦਾ ਮਨ ਗੁੱਸੇ ਵਿੱਚ ਆ ਕੇ ਸੜ ਕੇ ਮਨੂਰ ਹੋਇਆ ਪਿਆ ਹੈ।

ਗੁੱਸਾ ਤਾਂ ਅਗਨੀ ਸਮਾਨ ਹੈ। ਜਿਵੇਂ ਅਗਨੀ ਸਭ ਲੱਕੜ ਤਿੰਬੜ ਤੇ ਹਰ ਚੀਜ਼ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਇੰਜ ਹੀ ਇਨਸਾਨ ਦਾ ਇਹ ਗੁੱਸਾ ਦੇਹ ਨੂੰ ਫੂਕ ਕੇ ਰੱਖ ਦਿੰਦਾ ਹੈ। ਹਿਰਦੇ ਨੂੰ ਸਾੜ ਦਿੰਦਾ ਹੈ ਤੇ ਫਿਰ ਇਨਸਾਨ ਕੋਲ ਬਚਣਾ ਵੀ ਕੀ ਹੈ? ਸਿਰਫ਼ ਇਹ ਹੱਡੀਆਂ ਦਾ ਪਿੰਜਰ। ਇਸ ਸੱਖਣੇ ਪਿੰਜਰ ਨੂੰ ਲੈ ਕੇ ਇਨਸਾਨ ਮੂੰਹ ਲਮਕਾਈ ਇਸ ਜੱਗ-ਜਾਨ 'ਤੇ ਤੁਰਿਆ ਫਿਰਦਾ ਹੈ, ਉਸ ਨੂੰ ਇਸ ਦਾ ਭੋਰਾ ਵੀ ਗਿਆਨ ਨਹੀਂ ਹੈ ਕਿ ਨੁਕਸਾਨ ਤਾਂ ਮੈਂ ਆਪਣਾ ਹੀ ਕਰ ਰਿਹਾ ਹਾਂ। ਕਿਸੇ ਦਾ ਇਸ ਵਿੱਚ ਭੋਰਾ ਵੀ ਨੁਕਸਾਨ ਨਹੀਂ; ਬਲਕਿ ਖ਼ੁਦ ਨੂੰ ਤਬਾਹ ਕਰਕੇ ਇਨਸਾਨ ਦੂਜੇ ਦੀ ਤਬਾਹੀ ਲੋਚਦਾ ਹੈ।

ਕਿੰਨਾ ਚੰਗਾ ਹੋਵੇ, ਜੇ ਇਨਸਾਨ ਗੁੱਸੇ 'ਤੇ ਕਾਬੂ ਪਾਉਣਾ ਸਿੱਖ ਲਵੇ।



ਆਪਣੀਆਂ ਭਾਵਨਾਵਾਂ ਨੂੰ ਵੱਸ ਵਿੱਚ ਕਰ ਲਵੇ। ਇਨ੍ਹਾਂ ਮਾਰੂ ਜਜ਼ਬਿਆਂ ਦੇ ਹੜ੍ਹ ਨੂੰ ਬੰਨ੍ਹ ਮਾਰ ਲਵੇ ਤੇ ਇਨ੍ਹਾਂ ਦੀ ਥਾਂ ਮਨ ਵਿੱਚ ਚੰਗੀਆਂ ਤੇ ਸ਼ੁਭ-ਕਾਮਨਾਵਾਂ ਦੀ ਫ਼ਸਲ ਬੀਜੇ। ਉਹ ਕਾਮਨਾਵਾਂ ਜੋ ਸਾਰੀ ਕਾਇਨਾਤ ਦਾ ਭਲਾ ਚਾਹੁੰਦੀਆਂ ਹਨ। ਸਾਰੀ ਧਰਤੀ 'ਤੇ ਫੁੱਲ-ਬੂਟੇ ਤੇ ਖਿੜੇ ਬਾਗ਼ ਲੋਚਦੀਆਂ ਹਨ ਤੇ ਉਹ ਕਾਮਨਾਵਾਂ, ਜਿਨ੍ਹਾਂ ਨਾਲ ਇਨਸਾਨ ਆਪਣੇ ਚਿਹਰੇ 'ਤੇ ਵੀ ਹਾਸੇ ਤੇ ਖੇੜਿਆਂ ਦੀ ਫ਼ਸਲ ਬੀਜ ਸਕਦਾ ਹੈ। ਆਪਣੇ ਮਨ ਨੂੰ ਵੱਸ ਵਿੱਚ ਕਰਕੇ ਗਿਲੇ-ਸ਼ਿਕਵਿਆਂ ਦੀ ਸੜਾਂਦ ਨੂੰ ਕਿਧਰੇ ਹੂੰਝ ਕੇ ਬਹਾਅ ਸਕਦਾ ਹੈ। ਫਿਰ ਹੀ ਸੰਭਵ ਹੈ ਕਿ ਇਨਸਾਨ ਦਾ ਹਿਰਦਾ ਕੰਵਲ ਦੇ ਫੁੱਲ ਵਾਂਗ ਖਿੜ ਪਵੇ ਤੇ ਇਨਸਾਨ ਹੱਸ-ਹੱਸ ਕੇ ਗੱਲਾਂ ਕਰੇ।

ਜੇ ਇਨਸਾਨ ਸ਼ੀਸ਼ੇ ਵਾਂਗ ਸਾਫ਼ ਹੋ ਕੇ ਆਪਣੇ ਮਨ ਅੰਦਰ ਝਾਤੀ ਮਾਰਨਾ ਸਿੱਖ ਲਵੇ ਤਾਂ ਉਸ ਦੀ ਕਾਇਆ ਵੀ ਸ਼ੀਸ਼ੇ ਵਾਂਗ ਹੀ ਸਾਫ਼ ਤੇ ਸ਼ਫਾਫ ਹੋ ਸਕਦੀ ਹੈ। ਉਸ ਦੇ ਵਿੰਗ-ਟੇਢ ਨਿਕਲ ਕੇ ਉਸ ਨੂੰ ਇੱਕ ਚੰਗਾ ਤੇ ਖ਼ੁਸ਼ ਰਹਿਣ ਵਾਲਾ ਇਨਸਾਨ ਬਣਾ ਸਕਦੇ ਹਨ। ਉਸ ਦੇ ਹਿਰਦੇ ਵਿੱਚ ਵੀ ਫੁੱਲ ਖਿੜ ਸਕਦੇ ਹਨ। ਉਸ ਦੇ ਚਿਹਰੇ ਦੀ ਆਭਾ ਵੀ ਨਿਖਰ ਸਕਦੀ ਹੈ। ਪਰ ਇਹ ਸਭ ਕੁਝ ਹੋਣ ਤੋਂ ਪਹਿਲਾਂ ਖ਼ੁਦ ਨੂੰ ਸੁਧਾਰਨਾ ਪਵੇਗਾ। ਮਨ ਵਿੱਚ ਪਈਆਂ ਝਾੜੀਆਂ ਸਾਫ਼ ਕਰਨੀਆਂ ਪੈਣਗੀਆਂ।

ਸਿਆਣੇ ਕਹਿੰਦੇ ਹਨ ਕਿ ਇਹ ਦੁਨੀਆ ਤੁਹਾਨੂੰ ਉਸੇ ਤਰ੍ਹਾਂ ਦੀ ਵਿਖਾਈ ਦਿੰਦੀ ਹੈ ਜਿਸ ਤਰ੍ਹਾਂ ਦੇ ਤੁਸੀਂ ਖ਼ੁਦ ਹੋ। ਚੰਗੇ ਇਨਸਾਨ ਨੂੰ ਚੰਗੀ ਤੇ ਮਾੜੇ ਨੂੰ ਮਾੜੀ। ਚੰਗੇ ਇਨਸਾਨ ਨੂੰ ਤਾਂ ਮਾੜਾ ਕੋਈ ਵਿਖਾਈ ਹੀ ਨਹੀਂ ਦਿੰਦਾ। ਸਭ ਸੋਹਣੇ, ਸੁਹੱਪਣ ਭਰੇ ਤੇ ਖ਼ੁਸ਼-ਮਿਜ਼ਾਜ ਦਿਸਦੇ ਹਨ। ਪਰ ਜਦੋਂ ਤੁਹਾਡੇ ਆਪਣੇ ਮਨ ਵਿੱਚ ਹੀ ਕੁਲਾਹੋਂ ਬੀਜੀ ਗਈ ਤਾਂ ਫਿਰ ਤੋਂ ਸਰੀਰ ਕੰਚਨ ਕਿਵੇਂ ਬਣ ਸਕਦਾ ਹੈ। ਇਹ ਕੁਲਾਹੋਂ ਤੇ ਕੰਗਿਆਰੀ ਤਾਂ ਚੰਗੀ-ਭਲੀ ਕਣਕ ਦੀ ਬੱਲੀ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਫਿਰ ਤੁਹਾਡਾ ਮਨ ਇਸ ਕੁਲਾਹੋਂ ਤੋਂ ਕਿਵੇਂ ਬਚ ਸਕਦਾ ਹੈ। ਜਦੋਂ ਸਾਰਾ ਗੁੱਸਾ, ਵਿਰੋਧ ਤੇ ਸ਼ਿਕਵੇ ਗੁਆ ਦਿੱਤੇ ਤਾਂ ਫਿਰ ਆਪਣੇ ਆਪ ਹੀ ਮਨ ਫੁੱਲਾਂ ਵਾਂਗ ਖਿੜੇਗਾ, ਖ਼ੁਸ਼ ਵੀ ਹੋਵੇਗਾ। ਹੰਝੂ ਤੇ ਮੁਸਕਾਨ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਜਦੋਂ ਇਨਸਾਨ ਵੱਡੇ ਦੁੱਖ ਜਾਂ ਸੰਕਟ ਵਿੱਚ ਫਸਿਆ ਹੋਵੇ ਤਾਂ ਹੰਝੂ ਆਪਣੇ ਆਪ ਹੀ ਆ ਕੇ ਸਾਡੀਆਂ ਪਲਕਾਂ ਵਿੱਚ ਤੈਰਨ ਲੱਗਦੇ ਹਨ। ਕਈ ਵਾਰ ਤਾਂ ਇੰਜ ਲੱਗਦਾ ਹੈ ਕਿ ਜਿਵੇਂ ਨਦੀ ਵਿੱਚ ਹੜ੍ਹ ਵਗ ਤੁਰਿਆ ਹੈ। ਹੰਝੂ ਅੱਖਾਂ ਵਿੱਚੋਂ ਨਿਕਲ ਕੇ ਵਗੀ ਜਾਂਦੇ ਹਨ ਤੇ ਇਨਸਾਨ ਬਿਨਾਂ ਸੋਚੇ-ਸਮਝੇ ਰੋਈ ਜਾਂਦਾ ਹੈ। ਇੰਜ ਹੰਝੂਆਂ ਦਾ ਇਨਸਾਨ ਨਾਲ ਇੱਕ ਸਦੀਵੀ ਰਿਸ਼ਤਾ ਹੈ। ਬਿਨਾਂ ਹੰਝੂ ਵਗੇ ਇਨਸਾਨ ਦੇ ਬੇਰੋਕ ਜਜ਼ਬਿਆਂ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਕਈ ਵਾਰ ਜੇ ਕਿਸੇ ਆਪਣੇ ਨੇੜਲੇ ਸਾਥੀ ਜਾਂ ਰਿਸ਼ਤੇਦਾਰ ਨੇ ਸਾਡੇ ਨਾਲ ਬੇਇਨਸਾਫੀ ਜਾਂ ਧੋਖਾ ਜਾਂ ਬੇਵਫ਼ਾਈ ਕੀਤੀ ਹੋਵੇ ਤਾਂ ਹੰਝੂ ਬੇਰੋਕ ਵਗਣ ਲੱਗ ਪੈਂਦੇ ਹਨ। ਕਈ ਸਿਆਣੇ ਕਹਿੰਦੇ ਹਨ, "ਭਾਈ! ਦਿਲ 'ਤੇ ਕੋਈ ਗਹਿਰੀ ਸੱਟ ਲੱਗੀ ਹੈ। ਰੋ ਲੈਣ ਦਿਓ, ਇੰਜ ਰੋਣ ਨਾਲ ਦਿਲ ਦਾ ਭਾਰ ਹਲਕਾ ਹੋ ਜਾਵੇਗਾ।" ਇਸ ਸੰਸਾਰ ਵਿੱਚ ਜਨਮ ਲੈਣ ਵਾਲਾ ਕਿਹੜਾ ਅਜਿਹਾ ਇਨਸਾਨ ਹੋਇਆ ਹੈ; ਜਿਸ ਨੇ ਹੰਝੂ ਨਾ ਵਹਾਏ ਹੋਣ? ਹਰ ਕੋਈ ਰੋਂਦਾ ਹੈ। ਕੋਈ ਖੁੱਲ੍ਹਮ-ਖੁੱਲ੍ਹਾ ਤੇ ਕੋਈ ਬਾਕੀ ਦੁਨੀਆ ਤੋਂ ਲੁਕਾ ਕੇ, ਕਈ ਵਾਰ ਨਵੀਂ ਵਿਆਹੀ ਵਹੁਟੀ ਰਸੋਈ ਵਿੱਚ ਧੂੰਏਂ ਦਾ ਬਹਾਨਾ ਬਣਾ ਕੇ ਹੰਝੂ ਵਹਾਈ ਜਾਂਦੀ ਹੈ। ਉਹ ਆਪਣੇ ਪੇਕਿਆਂ ਨੂੰ ਯਾਦ ਕਰਕੇ ਰੋਂਦੀ ਹੈ। ਖਾਸ ਤੌਰ 'ਤੇ ਉਦੋਂ ਜਦੋਂ ਉਸ ਦੇ ਹੰਝੂ ਵੇਖਣ ਵਾਲਾ ਕੋਈ ਨਹੀਂ ਹੁੰਦਾ। ਇੰਜ ਹੰਝੂ ਬੇਸਹਾਰਾ ਇਨਸਾਨ ਦਾ ਬਹੁਤ ਵੱਡਾ ਸਹਾਰਾ ਹਨ। ਦਿਲ ਦਾ ਭਾਰ ਹਲਕਾ ਕਰਨ ਲਈ ਹੰਝੂਆਂ ਦਾ ਵਗਣਾ ਜ਼ਰੂਰੀ ਹੈ। ਕਈ ਪ੍ਰੇਮੀ ਅਜਿਹੀ ਹਾਲਤ ਵਿੱਚ ਸਮੁੰਦਰ ਜਾਂ ਦਰਿਆ ਕੰਢੇ ਜਾ ਕੇ ਹੰਝੂ ਵਹਾਉਂਦੇ ਹਨ। ਇਹ ਸਮੁੰਦਰ ਦੀਆਂ ਲਹਿਰਾਂ ਨੂੰ ਆਪਣੇ ਗਵਾਹ ਬਣਾ ਕੇ ਰੋਂਦੇ ਹਨ। ਇਨ੍ਹਾਂ ਲਹਿਰਾਂ ਦਾ ਸਹਾਰਾ ਲੈ ਕੇ ਸਕੂਨ ਭਾਲਦੇ ਹਨ। ਕਈ ਵਾਰ ਇਹ ਲਹਿਰਾਂ ਜਾਂ ਡੂੰਘਾ ਪਾਣੀ ਉਨ੍ਹਾਂ ਦਾ ਰਾਜ਼ਦਾਰ ਵੀ ਬਣ ਜਾਂਦਾ ਹੈ।

ਇੰਜ ਹੰਝੂ ਜ਼ਿੰਦਗੀ ਦੀ ਇਕੱਲਤਾ ਤੇ ਉਪਰਾਮਤਾ ਨੂੰ ਧਰਵਾਸ ਬਖ਼ਸ਼ਦੇ ਹਨ। ਦੁੱਖਾਂ, ਤਕਲੀਫ਼ਾਂ ਨੂੰ ਸਹਿਣ ਅਤੇ ਭਵਿੱਖ ਦੀਆਂ ਚੁਣੌਤੀਆਂ ਨਾਲ ਦੋ-ਚਾਰ ਹੋਣ ਦੀ ਤਾਕਤ ਤੇ ਕਾਬਲੀਅਤ ਬਖ਼ਸ਼ਦੇ ਹਨ। ਦੂਜੇ ਪਾਸੇ ਮੁਸਕਾਨ ਤੋਂ ਬਿਨਾਂ ਜ਼ਿੰਦਗੀ ਉੱਜੜੇ ਘਰ ਵਰਗੀ ਲੱਗਦੀ ਹੈ। ਮੁਸਕਾਨ ਜ਼ਿੰਦਗੀ ਦੀ ਬਹਾਰ ਵੀ ਹੁੰਦੀ ਹੈ। ਜ਼ਿੰਦਗੀ ਦਾ ਗਹਿਣਾ ਵੀ। ਜਿਹੜੇ ਮੁਸਕਾਨ ਚਿਹਰੇ 'ਤੇ ਸਜਾਉਣੀ ਸਿੱਖ ਲੈਣ, ਉਨ੍ਹਾਂ ਨੂੰ ਜਿਊਣਾ ਔਖਾ ਨਹੀਂ ਲੱਗਦਾ। ਜ਼ਿੰਦਗੀ ਜੇ ਮੁਸਕਾਨਾਂ ਨਾਲ ਭਰੀ ਹੋਵੇ ਤਾਂ ਕੁਦਰਤ ਦੇ ਸਭ ਵੇਲ-ਬੂਟੇ, ਬਾਗ਼, ਪਹਾੜ ਤੇ ਝਰਨੇ ਜੀ ਆਇਆਂ ਨੂੰ ਕਹਿੰਦੇ ਜਾਪਦੇ ਹਨ। ਹਰਾ ਹਰਾ ਘਾਹ ਵੀ ਅਜਿਹੇ ਖ਼ੁਸ਼ ਰਹਿਣ ਵਾਲੇ ਇਨਸਾਨ ਦੇ ਪੈਰਾਂ ਵਿੱਚ ਵਿਛ-ਵਿਛ ਜਾਂਦਾ ਹੈ।

ਪਰ ਇਹ ਵੀ ਸੱਚ ਹੈ ਕਿ ਮੁਸਕਾਨ ਸਾਡੇ ਚਿਹਰੇ 'ਤੇ ਉਦੋਂ ਹੀ ਖੇਡਦੀ ਹੈ ਜਦੋਂ ਦਿਲ ਵਿੱਚ ਸਰੂਰ ਹੋਵੇ। ਕਿਸੇ ਸਫਲਤਾ ਨੇ ਸਾਡੇ ਬੂਹੇ 'ਤੇ ਆ ਕੇ ਦਸਤਕ ਦਿੱਤੀ ਹੋਵੇ। ਸਾਡੀਆਂ ਕੀਤੀਆਂ ਮਿਹਨਤਾਂ ਰਾਸ ਆ ਗਈਆਂ ਹੋਣ। ਮੁਸ਼ੱਕਤਾਂ ਨੂੰ ਬੂਰ ਪੈ ਜਾਵੇ। ਖਾਲੀ ਸੱਖਣੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਜਾਣ। ਕੋਈ ਖ਼ੂਬਸੂਰਤ ਚਿਹਰਾ ਜਦੋਂ ਮੁਸਕਾਨ ਪਹਿਨ ਲਵੇ, ਤਾਂ ਰੱਬੀ ਮੂਰਤ ਜਾਪਦਾ ਹੈ। ਇਹੋ ਵਜ੍ਹਾ ਹੈ ਕਿ ਛੋਟੇ ਬੱਚਿਆਂ ਦਾ ਚਿਹਰਾ ਹਮੇਸ਼ਾਂ ਸਾਨੂੰ ਸੁੰਦਰ ਲੱਗਦਾ ਹੈ।

ਹੰਝੂ ਜ਼ਰੂਰ ਵਹਾਓ, ਪਰ ਆਪਣੇ ਦਿਲ ਨੂੰ ਹਲਕਾ ਕਰਨ ਮਗਰੋਂ ਮੁਸਕਰਾਉਣਾ ਵੀ ਸਿੱਖ ਲਵੋ। ਜੇ ਹੰਝੂ ਸਕੂਨ ਦਾ ਸੋਮਾ ਹਨ ਤਾਂ ਮੁਸਕਾਨ ਜਿੱਤ ਦੀ ਜਾਚ। ਸਿਰਫ਼ ਇਹੀ ਜਾਚ ਸਾਡੇ ਜੀਵਨ ਨੂੰ ਨੂਰੋ-ਨੂਰ ਕਰ ਸਕਦੀ ਹੈ। ਮਨ ਨੂੰ ਜਿੱਤਣ ਨਾਲ ਇਨਸਾਨ ਆਪਣੀਆਂ ਸਾਰੀਆਂ ਮੁਸ਼ਕਲਾਂ, ਚਿੰਤਾਵਾਂ ਤੇ ਸਮੱਸਿਆ ਉੱਤੇ ਕਾਬੂ ਪਾ ਲੈਂਦਾ ਹੈ। ਇਸੇ ਲਈ ਮਨ ਨੂੰ ਜਿੱਤਣ ਦੀ ਗੱਲ ਗੁਰੂ ਸਾਹਿਬਾਨ ਨੇ ਕਈ ਸਦੀਆਂ ਪਹਿਲਾਂ ਕਹੀ ਹੈ, ਪਰ ਮਨ ਨੂੰ ਜਿੱਤਣਾ ਏਨਾ ਆਸਾਨ ਨਹੀਂ ਕਿਉਂਕਿ ਮਨ ਨੂੰ ਜਿੱਤਣ ਲਈ ਬੜੇ ਅਭਿਆਸ ਦੀ ਲੋੜ ਪੈਂਦੀ ਹੈ। ਸਰੀਰਕ ਕਿਰਿਆਵਾਂ ਨੂੰ ਸਾਧ ਕੇ ਆਪਣੇ ਵੱਸ ਵਿੱਚ ਕਰਨਾ ਪੈਂਦਾ ਹੈ। ਹੌਲੀ-ਹੌਲੀ ਜਦ ਸਾਰੀਆਂ ਇੱਛਾਵਾਂ ਬੰਦੇ ਦੇ ਵੱਸ ਵਿੱਚ ਹੋ ਜਾਣ ਤਾਂ ਇੱਕ ਤਰ੍ਹਾਂ ਨਾਲ ਇਹ ਇਨਸਾਨ ਇਸ ਦੁਨੀਆ ਦਾ ਬਾਦਸ਼ਾਹ ਬਣ ਜਾਂਦਾ ਹੈ। ਜਦੋਂ ਇਨਸਾਨ ਨੇ ਆਪਣੇ ਮਨ ਨੂੰ ਆਪਣੇ ਵੱਸ ਕਰ ਲਿਆ, ਉਸ ਦੀਆਂ ਲੋੜਾਂ ਬਹੁਤ ਘੱਟ ਹੋ ਜਾਂਦੀਆਂ ਹਨ।

ਸੰਪਰਕ: 97818-05861


KHALSA CREDIT UNION (ALBERTA) LIMITED

ਖਾਲਸਾ ਕਰੈਡਿਟ ਯੂਨੀਅਨ

Experience Personalized Banking

ANNUAL GENERAL MEETING

Khalsa Credit Union (Alberta) Limited, Calgary

FOR FYE 2021-22

IS ON March 26TH 2023

FROM 11:30 AM TO 2:30 PM

AT RIO BANQUET HALL

2850 HOPEWELL PLACE NE

CALGARY AB T1Y 7J7

PHONE# 403-633-2000


# ਜੇ ਧੀਆਂ ਵਾਂਗ ਰੱਖੀਏ, ਨੂੰਹਾਂ ਪੁੱਤਾਂ ਨਾਲੋਂ ਵੱਧ ਲੋਚਦੀਆਂ ਨੇ....

**ਨਿਰਲੇਪ ਕੌਰ ਸੇਖੋਂ**



ਨੇੜਲੇ ਸਕੂਲ 'ਚ ਡਿਊਟੀ ਤੋਂ ਆ ਕੇ ਬੰਟੀ ਨੇ ਬੇਬੇ ਦੇ ਪੈਰ ਛੂੰਹਦਿਆ ਕਿਹਾ, "ਜੇ ਮਾਵਾਂ ਠੰਡੀਆਂ ਛਾਂਵਾਂ ਨੇ, ਦਾਦੀ ਵੀ ਰੁੱਖ ਤੋਂ ਘੱਟ ਨਹੀਂ..।"

"ਜਿਉਂਦਾ ਰਹਿ ਪੁੱਤ! ਜਵਾਨੀਆਂ ਮਾਣੇ! ਤੇਰੀ ਲੰਬੀ ਉਮਰ ਹੋਵੇ ।" ਬੇਬੇ ਨੇ ਬੰਟੀ ਦੇ ਮੋਢੇ ਤੇ ਹੱਥ ਰੱਖ ਕੇ ਅਸ਼ੀਰਵਾਦ ਦਿੱਤਾ ।

"ਮੈਂ ਤਾਂ ਪੁੱਤ, ਤੇਰੀ ਮਾਂ ਤੇ ਤੇਰੀ ਵੱਡੀ ਮਾਂ ਨੇ ਬਹੁਤ ਸੁਖੀ ਕਰਤੀ, ਕਰਮਾਂ ਆਲੀਆਂ ਨੇ ਸਾਰਾ ਕੰਮ ਸਾਂਭ ਲਿਆ " ਬੇਬੇ ਆਪਣੀਆਂ ਨੂੰਹਾਂ ਦੀਆਂ ਸਿਫਤਾਂ ਦੇ ਪੁਲ ਬੰਨ ਦੀ ਜਾ ਰਹੀ ਸੀ, ਐਨੇ ਸਕੂਲ 'ਚੋਂ ਡਿਊਟੀ ਨਿਭਾਅ ਕੇ ਆਈ ਪੋਤ ਨੂੰਹ, ਬੇਬੇ ਜੀ ਦੇ ਪੈਰੀਂ ਹੱਥ ਲਾ ਕੇ ਪੁੱਛਣ ਲੱਗੀ, "ਮੈਂ ਕੀ ਥੋਨੂੰ ਦੁਖੀ ਕਰਦੀ ਆਂ ਬੇਬੇ ਜੀ ?"

"ਜੁਗ -ਜੁਗ ਜੀਵੇ ਜੋੜੀ! ਜਵਾਨੀਆਂ ਮਾਣੋ ਪੁੱਤ!...ਪੁੱਤ, ਤੂੰ ਵੀ ਮੇਰੇ ਪੋਤੇ ਨਾਲ ਦੀ ਲੈਕ ਆ ਗੀ , ਤੁਸੀਂ ਤਾਂ ਮੇਰੀ ਉਮਰ ਵਧਾ ਤੀ....।" ਬੇਬੇ ਨੇ ਲੰਬਾ ਜਿਹਾ ਸਾਹ ਲੈ ਕੇ ਅਸ਼ੀਰਵਾਦਾਂ ਦੀ ਝੜੀ ਲਾ ਦਿੱਤੀ ।

"ਬੇਬੇ ਜੀ ਇਹ ਦੱਸੋ ਬਈ ਥੋਡੀ ਸੇਵਾ 'ਚ ਕੋਈ ਕਸਰ ਤਾਂ ਨਹੀਂ ਰਹਿੰਦੀ?... ਆਹ ਮਾਸਟਰਨੀ, ਥੋਡੀ ਸੇਵਾ ਕਰਦੀ ਐ?" ਬੰਟੀ ਨੇ ਪ੍ਰੀਤ ਵੱਲ ਇਸ਼ਾਰਾ ਕਰਕੇ ਕਿਹਾ।

"ਹਾਂ ਪੁੱਤ, ਇਹ ਤਾਂ ਵਿਚਾਰੀ ਡਿਊਟੀ ਤੋਂ ਘਰ ਆ ਕੇ ਤੇਰੀ ਵੱਡੀ ਮਾਂ ਨਾਲ ਤਰਪਾਈ ਤੇ ਸਲਾਈ 'ਚ ਵੀ ਹੱਥ ਵਟਾਉਂਦੀ ਐ , ਤੇਰੀ ਮਾਂ.... ਘਰ ਸਾਂਭ ਲੈਂਦੀ ਐ ਤੇ ਮੇਰੀ ਸੇਵਾ... 'ਚ ਲੱਗੀ ਰਹਿੰਦੀ ਐ.. " ਬੇਬੇ ਨੇ ਬੰਟੀ ਕੋਲ ਭਾਵਨਾਵਾਂ ਜਾਹਰ ਕੀਤੀਆਂ।

"ਬੇਬੇ ਤੂੰ ਹੀ ਵਾਹਲੀ ਚੰਗੀ ਐ। ਪੰਜੀਰੀ ਤੂੰ ਇਹਨਾਂ ਦੀ ਮੁੱਕਣ ਨੀਂ ਦਿੰਦੀ, ਕਦੇ ਖੋਆ, ਕਦੇ ਗਾਜਰਪਾਕ ਕੱਢ ਕੱਢ ਦਿੰਨੀ ਐਂ ਤੇ ਨਵੇਂ ਨਵੇਲੇ ਸੂਟ ਖਰੀਦ ਕੇ ਦਿੰਨੀ ਐਂ ਤਾਂ ਹੀ ਤੇਰੀਆਂ ਨੂੰਹਾਂ ਤੇ ਲੜਾਕੋ ਪੋਤ ਨੂੰਹ ਤੇਰਾ ਪਿਆਰ ਕਰਦੀਆਂ ਨੇ " ਬੰਟੀ ਬੇਬੇ ਦੀਆਂ ਸਿਫਤਾਂ ਤੇ ਸਿਫਤਾਂ ਕਰ ਰਿਹਾ ਸੀ । ਕੋਲ ਕੰਮ ਕਰਦੀ ਪ੍ਰੀਤ ਨੂੰ 'ਲੜਾਕੋ' ਕਹਿ ਕੇ ਚਿੜ੍ਹਾ ਰਿਹਾ ਸੀ।

"ਦੇਖ ਲਓ ਬੇਬੇ ਜੀ, ਮੈਨੂੰ 'ਲੜਾਕੋ' ਕਹਿ ਰਿਹੈ ।" ਪ੍ਰੀਤ, ਬੰਟੀ ਦੇ ਪਿੱਛੇ ਭੱਜਦੀ ਹੋਈ ਬੇਬੇ ਨੂੰ ਸ਼ਿਕਾਇਤ ਲਾਉਂਦੀ ਹੈ।

"ਵੇ ਨਾ ਪੁੱਤ, ਇਹ ਤਾਂ ਮੇਰੀ ਸ਼ੇਰਨੀ ਐ..." ਬੇਬੇ ਨੇ ਪ੍ਰੀਤ ਨੂੰ ਬੁੱਕਲ 'ਚ ਲੈਂਦਿਆਂ ਕਿਹਾ।

"ਲੋਕ ਕਹਿੰਦੇ ਨੇ ਕਿ ਬੇਗਾਨੀਆਂ ਧੀਆਂ ਆਪਣੀਆਂ ਨਹੀਂ ਬਣਦੀਆਂ, ਪਰ ਮੇਰੀਆਂ ਦੋਨੋਂ ਨੂੰਹਾਂ ਮੇਰੇ ਨਿਕੰਮੇ ਪੁੱਤਾਂ ਤੋਂ ਬਹੁਤ ਵਧੀਆ ਨੇ, ਮੇਰੀ ਪੋਤ ਨੂੰਹ ਹੋਰ ਵੀ ਬਥੇਰੀ ਚੰਗੀ ਆ ਗਈ ।" ਬੇਬੇ ਨੇ ਬੰਟੀ ਕੋਲ ਜਿਵੇਂ ਪੁੱਤਾਂ ਦੀ ਫਰਿਆਦ ਲਗਾਈ।

"ਓਹੋ...।, ਬੇਬੇ ਤੇਰੇ ਪੋਤੇ ਦੀ ਤਾਂ ਕੋਈ ਸ਼ਿਕਾਇਤ ਨੀਂ... ਤੇਰੀ ਪੋਤ ਨੂੰਹ ਈ ਸ਼ੇਰਨੀ ਆਂਗੂੰ ਦਹਾੜ ਦੀ ਰਹਿੰਦੀ ਐ ।" ਬੰਟੀ ਨੇ ਬੇਬੇ ਨੂੰ ਘੁੱਟ ਕੇ ਜੱਫ਼ੀ 'ਚ ਲੈ ਕੇ ਕਿਹਾ।

"ਘੁੱਟ ਕੇ ਮਾਰ ਨਾ ਦਿਓ ਕਿਤੇ ਬੇਬੇ ਨੂੰ ।" ਪ੍ਰੀਤ ਬੇਬੇ ਦੇ ਪਿਆਰ 'ਚ ਖੀਵੀ ਹੋ ਕੇ ਬੋਲੀ ।

"ਕਿਧਰੇ ਨੀਂ ਮਰਦੀ ...ਪ੍ਰੀਤ ਧੀਏ ...ਮੈਨੂੰ ਪਤੈ ਇਹਦੇ ਲਾਡ ਦਾ ।" ਬੇਬੇ ਨੇ ਕਿਹਾ ।



ਮੈਂ ਸਦਕੇ ਜਾਵਾਂ! ਮੇਰੇ ਪੋਤੇ ਵਰਗੇ ਘਰ ਘਰ ਜੰਮਣ, ਮੇਰੀ ਪੋਤ ਨੂੰਹ ਵਰਗੀਆਂ ਸਿਆਣੀਆਂ, ਸੁਚੱਜੀਆਂ ਘਰ -ਘਰ ਆਉਣ ।" ਇੱਕ ਹੀ ਸਾਹ ਵਿੱਚ ਬੇਬੇ ਅਸੀਸਾਂ ਦਿੰਦੀ ਕਹਿ ਰਹੀ ਸੀ।

ਹੁਣ ਤੇਰਾ ਬਾਪ ਭਾਵੇਂ ਵਿਹਲੜ ਰਹਿੰਦੈ, ਪਰ ਦਾਰੂ ਛੱਡ ਗਿਆ, ਤੇਰਾ ਤਾਇਆ ਨਸ਼ਾ ਕੇਂਦਰ 'ਚ ਜਾ ਕੇ ਨਸ਼ੇ ਛੱਡ ਗਿਆ, ਕੋਈ ਖਰਾਬੀਆਂ ਨੀਂ ਕਰਦਾ । ਜਦੋਂ ਤੇਰਾ ਬਾਪ ਸਪੈਂਡ ਹੋਇਆ, ਦਾਰੂ ਬਹੁਤ ਪੀਂਦਾ ਸੀ, ਅਜੇ ਵੀ ਜਿਹਨ 'ਚ ਪਈਆਂ ਨੇ, ਸੁਣਾਵਾਂ ਜੇ ਸੁਣੇਗਾ? " ਬੇਬੇ ਜਿਵੇਂ ਅਜੇ ਵੀ ਗਲ ਤੱਕ ਭਰੀ ਪਈ ਸੀ, ਬੰਟੀ ਤੋਂ ਹੁੰਗਾਰਾ ਭਰਾਉਂਦਿਆਂ ਪੁੱਛਣ ਲੱਗੀ।

"ਹਾਂ.. ਜਰੂਰ ਸੁਣਾਓ ਬੇਬੇ ਜੀ " ਬੰਟੀ ਹੱਥ ਜੋੜ ਕੇ ਕਹਿਣ ਲੱਗਾ।

"ਲੈ ਸੁਣ...." ਬੇਬੇ ਨੇ ਕਹਾਣੀ ਵਾਂਗ ਸੁਣਾਉਣਾ ਸ਼ੁਰੂ ਕੀਤਾ :

"ਲਿਆ ਰੋਟੀ, ਭੁੱਖਾ ਮਰ ਗਿਆ, ਕੋਈ ਨੀਂ ਪੁੱਛਦਾ ।" ਤੇਰਾ ਬਾਪ ਗਲੀ ਚੋਂ ਉੱਚੀ -ਉੱਚੀ ਬੋਲਦਾ ਆਉਂਦਾ ।" ਮੈਥੋਂ ਬੋਲੇ ਬਿਨਾਂ ਰਿਹਾ ਨਾ ਜਾਂਦਾ, "ਆ ਗਿਆ ਰੱਜ ਕੇ, ਕਦੇ ਤਾਂ ਸੋਫੀ ਰਹਿ ਜਾਇਆ ਕਰ..।" (ਰੁਕ ਕੇ )

"ਹਾਂ..., ਹਾਂ...ਬੇਬੇ ਜੀ, ਰੁਕ ਨਾ ।" ਬੰਟੀ ਬੇਬੇ ਦੀਆਂ ਗੱਲਾਂ ਸੁਣਕੇ ਹੁੰਗਾਰਾ ਭਰਦਾ ਹੋਇਆ। (ਬੇਬੇ ਦੀ ਕਹਾਣੀ ਜਾਰੀ ਹੈ)

"ਬਹੂ ਫੜਾ ਦੇ ਰੋਟੀ, ਆ ਗਿਆ ਅੱਜ ਵੀ ਪੀ ਕੇ ।" ਤੇਰੀ ਦਾਦੀ ਨਮੋਸ਼ੀ 'ਚ ਆਖਦੀ ।

"ਲਿਆਈ ਬੇਬੇ ਜੀ ਹੁਣੇ, ਮੈਂ ਦੇਖ ਲਿਆ ਰੱਜਿਆ ਹੋਇਆ। " ਮਨੀ ਕਹਿੰਦੀ ।

"ਪੁਲਿਸ ਦੀ ਨੌਕਰੀ ਤੋਂ ਸਸਪੈਂਡ ਹੋ ਗਿਆ....ਬੇਬੇ ਤੇਰਾ ਪੁੱਤ, ਜੰਟਾ " ਪੀਤੀ ਹੋਈ 'ਚ ਦਰਦ ਫਰੋਲਦਾ ।

"ਜਦੋ ਡੱਕਨੋਂ ਨੀਂ ਹਟਦਾ, ਸਪੈਂਡ ਈ ਕਰਨਗੇ ਉਹ ਤੈਨੂੰ ਹੋਰ ਕੀ ਤੇਰੇ ਫੁੱਲਾਂ ਦੇ ਹਾਰ ਪਾਉਣਗੇ ।" ਮੈਥੋਂ ਫਿਰ ਗੁੱਸੇ 'ਚ ਕਿਹਾ ਜਾਂਦਾ ।

"ਆ ਖਾ ਲਓ ਰੋਟੀ ।" ਤੇਰੀ ਮਾਂ ਨੇ ਰੋਟੀ ਫੜਾਉਂਦਿਆਂ ਕਿਹਾ।

"ਠੰਡੀਆਂ ਮੱਥੇ ਮਾਰੀਆਂ...ਬੇਬੇ ਤੇਰੀ ਨੂੰਹ ਨੇ ।" ਤੇਰਾ ਬਾਪ ਫਿਰ ਆਵਾ ਤਾਵਾ ਬੋਲਦਾ...।"

ਤੇਰੀ ਵੱਡੀ ਮਾਂ ਰੋਟੀ ਗਰਮ ਕਰਕੇ ਥਾਲ ਫੜਾਉਂਦਿਆਂ ਕਹਿੰਦੀ , "ਲੈ ਵੇ ਦਿਓਰਾ...ਖਾ ਲੈ ਗਰਮ ਗਰਮ ਰੋਟੀ ।" ਮੈਥੋਂ ਫੇਰ ਨਾ.. ਚੁੱਪ ਰਿਹਾ ਜਾਂਦਾ, "ਝੁਲਸ ਲੈ, ਨਿੱਤ ਡੱਕ ਦੈ, ਨਾ ਪੀਆ ਕਰ ਪੁੱਤ, ਕਿੰਨਾ ਕੁ ਚਿਰ ਇਹ ਬੇਗਾਨੀਆਂ ਧੀਆਂ ਤੱਤੀਆਂ- ਤੱਤੀਆਂ ਦੇਣਗੀਆਂ, ਸਾਰੇ ਪਿੰਡ ਨੂੰ ਪਤਾ ਲੱਗ ਗਿਆ ਤੇਰੀ ਕਰਤੂਤ ਦਾ... ਤੇਰਾ ਵੱਡਾ ਭਾਈ ਨਸ਼ੇ 'ਚ ਗੁਲਤਾਨ ਰਹਿੰਦੈ.... ਵੇ ਮੈਂ ਖਾ..ਲੀ.. ਥੋਡੇ ਫਿਕਰਾਂ ਨੇ ।" ਕਹਿ ਕੇ ਬੇਬੇ ਨੇ ਹਨੇਰੇ ਵਰਗੀ ਚੁੱਪੀ ਧਾਰ ਲਈ.... ਤੇ ਰੁਕ ਕੇ... ਕਹਿਣ ਲੱਗੀ, "ਬੰਟੀ ਪੁੱਤ...ਤੇਰੇ ਨਾਲ ਗੱਲਾਂ ਕਰਕੇ ਮਨ ਨੂੰ ਸ਼ਾਂਤੀ ਮਿਲਗੀ... ਹੁਣ ਦਿਲ ਦੀਆਂ ਵੀ ਸੁਣ ਲੈ..। ....ਸੋਹਣੀ ਸੁਨੱਖੀ, ਜਵਾਨੀ 'ਚ ਰੰਡੀ ਹੋਈ ਤੇਰੀ ਦਾਦੀ ਨੇ ਮਸਾਂ ਆਹ ਦਿਨ ਸੁੱਖ ਦੇ ਦੇਖੇ ਨੇ....ਦੋਨਾਂ ਮੁੰਡਿਆਂ ਨੂੰ ਪਾਲਿਆ, ਪੜਾਇਆ.. ਜੱਗਾ ਵੱਡਾ ਪੁੱਤ ਫੌਜ 'ਚ ਭਰਤੀ ਹੋ ਗਿਆ ਅਤੇ ਛੋਟਾ ਜੰਟਾ ਪੁਲਿਸ ਦੀ ਨੌਕਰੀ ਕਰਨ ਲੱਗ ਪਿਆ । ਦੋਨਾਂ ਦਾ ਇੱਕੋ ਘਰ 'ਚ ਦੋਨੋਂ ਭੈਣਾਂ ਨਾਲ ਵਿਆਹ ਹੋ ਗਿਆ ।

ਚੰਗੇ ਘਰ ਦੀਆਂ, ਤੇਰੀ ਮਾਂ ਤੇ ਤੇਰੀ ਵੱਡੀ ਮਾਂ ਨੇ ਮੈਨੂੰ ਬਹੁਤ ਸਤਿਕਾਰ ਦਿੱਤਾ।.. ਮਾੜੀ ਕਿਸਮਤ ਜੱਗੇ ਦੀ, ਫੌਜ 'ਚੋਂ ਕਿਸੇ ਨਾਲ ਲੜਕੇ ਭੱਜ ਆਇਆ... ਨਾ ਕੋਈ ਇਹਨੂੰ ਰੱਬ ਨੇ ਜਵਾਕ ਦਿੱਤਾ । ਥੋਨੂੰ ਦੋਨਾਂ ਜੀਆਂ ਨੇ ਆਪਦੇ ਜਵਾਕ ਸਮਝਿਆ । ਅੱਜ ਦੋਨਾਂ ਭੈਣਾਂ 'ਚ ਕੋਈ ਫਰਕ ਨੀਂ... ਅੱਜ ਮੈਂ ਥੋਡੇ ਕਰਕੇ 'ਪੁੱਤ, ਬਹੁਤ ਸੁਖੀ ਆਂ... ਜੇ ਧੀਆਂ ਵਾਂਗ ਰੱਖੀਏ 'ਨੂੰਹਾਂ', ਪੁੱਤਾਂ ਨਾਲੋਂ ਵੱਧ ਲੋਚਦੀਆਂ ਨੇ..।" ਕਹਿ ਕੇ ਬੇਬੇ ਸ਼ਾਂਤ ਜਿਹੀ ਹੋਕੇ ਬੈਠ ਗਈ ।



**-ਜਸਪ੍ਰੀਤ ਕੌਰ 'ਸੰਘਾ'**

# ਰਿਸ਼ਤਿਆਂ ਦੀ ਬਦਲ ਰਹੀ ਪਰਿਭਾਸ਼ਾ

ਮਨੁੱਖੀ ਜੀਵਨ ਦਾ ਅਸਲ ਆਧਾਰ ਰਿਸ਼ਤੇ ਹਨ ਜਿਨ੍ਹਾਂ ਨੂੰ ਇਨਸਾਨ ਆਪਣੀ ਸਾਰੀ ਜ਼ਿੰਦਗੀ ਕਮਾਉਂਦਾ ਹੈ। ਕੁਝ ਰਿਸ਼ਤੇ ਖ਼ੂਨ ਦੇ ਹੁੰਦੇ ਹਨ, ਕੁਝ ਪਰਿਵਾਰਿਕ ਅਤੇ ਕੁਝ ਸਮਾਜਿਕ। ਹਰ ਰਿਸ਼ਤੇ ਦੀ ਆਪਣੀ ਪਰਿਭਾਸ਼ਾ, ਆਪਣੀ ਜ਼ਰੂਰਤ, ਆਪਣੀ ਪਛਾਣ ਅਤੇ ਆਪਣਾ ਮਹੱਤਵ ਹੈ। ਕੁਝ ਰਿਸ਼ਤੇ ਸਾਡੇ ਲਈ ਪਰਮਾਤਮਾ ਤੈਅ ਕਰਦਾ ਹੈ ਅਤੇ ਕੁਝ ਰਿਸ਼ਤੇ ਅਸੀਂ ਆਪ ਆਪਣੇ ਲਈ ਚੁਣਦੇ ਹਾਂ। ਇਹ ਰਿਸ਼ਤੇ ਸਾਡੇ ਲਈ ਉਹ ਚਾਨਣ ਮੁਨਾਰੇ ਹਨ ਜੋ ਸਾਡੀ ਜ਼ਿੰਦਗੀ ਦੇ ਪੰਧ ਨੂੰ ਆਸਾਨ ਬਣਾ ਦਿੰਦੇ ਹਨ। ਇਕੱਲਾ ਤਾਂ ਰੁੱਖ ਵੀ ਬੇਵੱਸ ਲੱਗਦਾ ਹੈ, ਫਿਰ ਇਨਸਾਨ ਇਹ ਪਹਾੜਾਂ ਜਿਹੀ ਜ਼ਿੰਦਗੀ ਇਕੱਲਾ ਕਿਵੇਂ ਬਿਤਾ ਸਕਦਾ ਹੈ। ਇਨਸਾਨ ਨੂੰ ਜਦ ਆਪਣਿਆਂ ਦਾ ਸਾਥ ਮਿਲਦਾ ਹੈ ਤਾਂ ਇਹ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਲੱਗਦੀ ਹੈ। ਹਰ ਖ਼ੁਸ਼ੀ ਆਪਣਿਆਂ ਨਾਲ ਵੰਡ ਕੇ ਵਧਦੀ ਹੈ ਤੇ ਹਰ ਦੁੱਖ ਵੰਡਣ ਨਾਲ ਘਟ ਜਾਂਦਾ ਹੈ। ਸਾਡੇ ਸਮਾਜ ਵਿੱਚ ਮਾਂ-ਧੀ, ਪਿਉ-ਪੁੱਤ, ਪਤੀ-ਪਤਨੀ, ਦਿਉਰ-ਭਰਜਾਈ, ਨਨਾਣ-ਭਰਜਾਈ, ਨੂੰਹ-ਸੱਸ ਆਦਿ ਅਨੇਕਾਂ ਰਿਸ਼ਤੇ ਮਿਲਦੇ ਹਨ। ਜੇ ਗੱਲ ਕਰੀਏ ਅਜੋਕੇ ਯੁੱਗ ਦੀ ਤਾਂ ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਜੋ ਪਿਆਰ, ਅਪਣੱਤ, ਮਿਠਾਸ ਹੁੰਦੀ ਸੀ, ਉਹ ਹੌਲੀ-ਹੌਲੀ ਖ਼ਤਮ ਹੁੰਦੀ ਜਾ ਰਹੀ ਹੈ। ਅੱਜ ਉਸ ਪਿਆਰ, ਅਪਣੱਤ ਦੀ ਜਗ੍ਹਾ ਨਫ਼ਰਤ, ਧੋਖੇਬਾਜ਼ੀ, ਸ਼ੱਕ, ਵੈਰ-ਵਿਰੋਧ ਨੇ ਲੈ ਲਈ ਹੈ। ਅੱਜ ਅਸੀਂ ਇੰਟਰਨੈੱਟ ਰਾਹੀਂ ਪੂਰੀ ਦੁਨੀਆ ਨਾਲ ਤਾਂ ਜੁੜ ਚੁੱਕੇ ਹਾਂ ਪਰ ਆਪਣੇ ਪਰਿਵਾਰ, ਆਂਢ-ਗੁਆਂਢ ਤੋਂ ਹੀ ਦੂਰ ਹੋ ਚੁੱਕੇ ਹਾਂ। ਅੱਜ ਹਰ ਰਿਸ਼ਤਾ ਫਾਇਦੇ ਨੁਕਸਾਨ ਤਕ ਸੀਮਤ ਹੋ ਕੇ ਰਹਿ ਗਿਆ ਹੈ। ਸੰਯੁਕਤ ਪਰਿਵਾਰਾਂ ਦੇ ਸਮੀਕਰਣ ਹੁਣ ਬਦਲ ਚੁੱਕੇ ਹਨ। ਪਹਿਲਾਂ ਪਰਿਵਾਰ ਸੰਯੁਕਤ ਹੁੰਦੇ ਸਨ। ਪਰਿਵਾਰ ਵਿੱਚ ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ, ਭੂਆ, ਮਾਤਾ-ਪਿਤਾ, ਭੈਣ-ਭਰਾ ਆਦਿ ਅਨੇਕਾਂ ਰਿਸ਼ਤੇ ਵੇਖਣ ਨੂੰ ਮਿਲਦੇ ਸਨ। ਸਾਰੇ ਇੱਕੋ ਛੱਤ ਥੱਲੇ ਪਿਆਰ-ਮੁਹੱਬਤ ਨਾਲ ਰਹਿੰਦੇ ਸਨ। ਉਨ੍ਹਾਂ ਦੇ ਦੁੱਖ-ਸੁੱਖ ਸਭ ਸਾਂਝੇ ਹੁੰਦੇ ਸਨ ਪਰ ਅੱਜ ਸਾਂਝੇ ਪਰਿਵਾਰਾਂ ਦੀ ਗੰਢ ਟੁੱਟਦੀ ਜਾ ਰਹੀ ਹੈ। ਅਜੋਕੇ ਯੁੱਗ ਦੇ ਬੱਚੇ ਦਾਦਾ-ਦਾਦੀ, ਚਾਚੇ-ਤਾਏ, ਭੂਆ, ਮਾਮੇ-ਮਾਮੀਆਂ ਆਦਿ ਦੇ ਪਿਆਰ ਤੋਂ ਵਾਂਝੇ ਹੋ ਚੁੱਕੇ ਹਨ। ਅੱਜ ਹਰ ਰਿਸ਼ਤੇ ਦੀ ਪੂਰਤੀ ਸਿਰਫ਼ ਅੰਕਲ-ਆਂਟੀ ਸ਼ਬਦ ਨਾਲ ਹੋ ਜਾਂਦੀ ਹੈ। ਜਿਸ ਤਰ੍ਹਾਂ ਰਿਸ਼ਤਿਆਂ ਦੇ ਨਾਂ ਬਦਲੇ ਹਨ, ਉਸੇ ਤਰ੍ਹਾਂ ਇਨ੍ਹਾਂ ਰਿਸ਼ਤਿਆਂ ਵਿਚਲਾ ਪਿਆਰ ਵੀ ਕਿਤੇ ਖੰਭ ਲਾ ਕੇ ਉੱਡ ਗਿਆ ਹੈ। ਅਜੋਕੀ ਪੀੜ੍ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀ ਜਾ ਰਹੀ ਹੈ ਜਿਸ ਦਾ ਵੱਡਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਹੈ। ਅੱਜ ਬੱਚਿਆਂ ਨੂੰ ਘਰਾਂ ਵਿੱਚ ਨਾ ਤਾਂ ਵੱਡਿਆਂ ਦਾ ਸਤਿਕਾਰ ਦੇਖਣ ਨੂੰ ਮਿਲਦਾ ਹੈ ਅਤੇ ਨਾ ਹੀ ਪਹਿਲਾਂ ਜਿਹਾ ਪਿਆਰ। ਇਸ ਮਸ਼ੀਨੀ ਯੁੱਗ ਨੇ ਤਾਂ ਮਨੁੱਖ ਨੂੰ ਵੀ ਇੱਕ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ ਜਿਸ ਵਿੱਚ ਭਾਵਨਾਵਾਂ ਲਈ ਕੋਈ ਜਗ੍ਹਾ ਹੀ ਨਹੀਂ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ ਪਰ ਹੁਣ ਜਦੋਂ ਅਸੀਂ ਮਾਪਿਆਂ ਵੱਲੋਂ ਧੀ ਦਾ ਕਤਲ, ਪਿਤਾ ਵੱਲੋਂ ਪੁੱਤ ਦਾ ਕਤਲ, ਪੁੱਤ ਵੱਲੋਂ ਜਾਇਦਾਦ ਖ਼ਾਤਰ ਪਿਉ ਦਾ ਕਤਲ, ਭਰਾ ਵੱਲੋਂ ਜ਼ਮੀਨ-ਪੈਸੇ ਖ਼ਾਤਰ ਭਰਾ ਦਾ ਕਤਲ ਆਦਿ ਖ਼ਬਰਾਂ ਪੜ੍ਹਦੇ ਹਾਂ ਤਾਂ ਫਿਰ ਇਹ ਕਹਾਵਤਾਂ ਵੀ ਝੂਠੀਆਂ ਹੀ ਲੱਗਦੀਆਂ ਹਨ। ਇਹ ਸੱਚ ਹੈ ਕਿ ਅੱਜ ਪੈਸੇ ਦੀ ਦੌੜ ਵਿੱਚ ਅਸੀਂ ਭਾਵੇਂ ਮੋਹਰੀ ਹੁੰਦੇ ਜਾ ਰਹੇ ਹਾਂ ਪਰ ਰਿਸ਼ਤਿਆਂ ਨੂੰ ਹਾਰਦੇ ਜਾ ਰਹੇ ਹਾਂ। ਜਵਾਨ ਪੁੱਤ ਤਾਂ ਪਿਉ ਲਈ ਸੱਜੀ-ਖੱਬੀ ਬਾਂਹ ਹੁੰਦੇ ਹਨ ਜਿਨ੍ਹਾਂ ਦੀ ਜਵਾਨੀ ਨੂੰ ਦੇਖ ਕੇ ਪਿਉ ਨੂੰ ਆਪਣਾ ਬੁਢੇਪਾ ਮਹਿਸੂਸ ਨਹੀਂ ਹੁੰਦਾ ਪਰ ਕਿੰਨੀ ਮਾੜੀ ਗੱਲ ਹੈ ਕਿ ਅੱਜ ਉਹੀ ਬਾਂਹਾਂ ਗਲ਼ ਤਕ ਪਹੁੰਚ ਗਈਆਂ ਹਨ। ਰਿਸ਼ਤਿਆਂ ਦੀ ਜੋ ਸਾਂਝ ਪਹਿਲਾਂ ਵੇਖਣ ਨੂੰ ਮਿਲਦੀ ਸੀ ਉਹ ਸਾਂਝ ਹੁਣ ਖ਼ਤਮ ਹੋ ਚੁੱਕੀ ਹੈ। ਪਹਿਲਾਂ ਜੋ ਨਾਨਕਿਆਂ, ਭੂਆ, ਮਾਸੀਆਂ ਦੇ ਲਈ ਬੱਚਿਆਂ ਦੇ ਦਿਲਾਂ ਵਿੱਚ ਪਿਆਰ, ਸਤਿਕਾਰ ਹੁੰਦਾ ਸੀ, ਉਹ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਜੇ ਅਸੀਂ ਆਪਣੇ ਬਜ਼ੁਰਗਾਂ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਕਿੰਨਾ ਮੋਹ, ਪਿਆਰ ਹੈ ਉਨ੍ਹਾਂ ਅੰਦਰ ਆਪਣੇ ਨਾਲ ਦੇ ਜੰਮਿਆਂ ਜਾਇਆਂ ਲਈ। ਹਰ ਰਿਸ਼ਤੇ ਦੀ ਕਦਰ, ਹਰ ਰਿਸ਼ਤੇ ਨੂੰ ਨਿਭਾਉਣ ਦੀ ਜਾਚ ਹੈ ਪਰ ਜੇ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਰਿਸ਼ਤੇ ਨਿਭਾਉਣਾ ਤਾਂ ਵੱਖ ਬਲਕਿ ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਚੱਲਦਾ ਕਿ ਸਾਹਮਣੇ ਵਾਲਾ ਉਨ੍ਹਾਂ ਦਾ ਰਿਸ਼ਤੇ ਵਿੱਚ ਲੱਗਦਾ ਕੀ ਹੈ? ਰਿਸ਼ਤਿਆਂ ਵਿੱਚ ਆਈ ਗਿਰਾਵਟ ਦਾ ਸਭ ਤੋਂ ਵੱਧ ਅਸਰ ਸਾਡੀ ਬਜ਼ੁਰਗ ਪੀੜ੍ਹੀ 'ਤੇ ਪੈ ਰਿਹਾ ਹੈ ਜਿਸ ਕਾਰਨ ਸਾਡੇ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬਿਰਧ ਘਰਾਂ ਵਿੱਚ ਬਿਤਾਉਣਾ ਪੈ ਰਿਹਾ ਹੈ। ਸਾਡੇ ਬਜ਼ੁਰਗ ਜਿਨ੍ਹਾਂ ਸਾਨੂੰ ਪਤਾ ਨਹੀਂ ਕਿੰਨੀਆਂ ਧੁੱਪਾਂ, ਝੱਖੜਾਂ ਤੋਂ ਬਚਾਇਆ, ਪਤਾ ਨਹੀਂ ਕਿੰਨੀ ਵਾਰ ਖ਼ੁਦ ਭੁੱਖੇ ਰਹਿ ਕੇ ਸਾਨੂੰ ਪੇਟ ਭਰ ਖਾਣਾ ਖਵਾਇਆ, ਜਿਨ੍ਹਾਂ ਸਾਨੂੰ ਉਂਗਲੀ ਫੜ ਕੇ ਚੱਲਣਾ ਸਿਖਾਇਆ, ਸਾਨੂੰ ਡਿੱਗਦਿਆਂ ਨੂੰ ਹਮੇਸ਼ਾਂ ਸਹਾਰਾ ਦਿੱਤਾ ਅੱਜ ਉਮਰ ਦੇ ਇਸ ਪੜਾਅ ਉੱਤੇ ਆ ਕੇ ਜਦੋਂ ਉਨ੍ਹਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ ਤਾਂ ਫਿਰ ਉਹੀ ਸਾਡੇ ਮਾਪੇ, ਸਾਡੇ ਬਜ਼ੁਰਗ ਸਾਡੇ ਲਈ ਬੋਝ ਬਣ ਜਾਂਦੇ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆਂ ਦੇਖੀ, ਜਿਨ੍ਹਾਂ ਕਾਰਨ ਅੱਜ ਸਾਡੀ ਪਛਾਣ ਹੈ, ਜਿਨ੍ਹਾਂ ਨੇ ਸਾਡੀਆਂ ਖ਼ੁਸ਼ੀਆਂ ਲਈ ਆਪਣੀਆਂ ਲੱਖਾਂ ਸੱਧਰਾਂ ਨੂੰ ਕੁਰਬਾਨ ਕਰ ਦਿੱਤਾ। ਆਖਰ ਉਹੀ ਮਾਪੇ ਸਾਡੇ ਲਈ ਬੋਝ ਕਿਵੇਂ ਹੋ ਸਕਦੇ ਹਨ? ਜੇ ਅਸੀਂ ਆਪਣੇ ਮਾਪਿਆਂ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਫਿਰ ਆਉਣ ਵਾਲੀ ਪੀੜ੍ਹੀ ਤੋਂ ਸਤਿਕਾਰ ਦੀ ਆਸ ਕਿਵੇਂ ਰੱਖ ਸਕਦੇ ਹਾਂ। ਆਖਰ 'ਵੱਢਾਂਗੇ ਤਾਂ ਉਹੀ ਨਾ ਜੋ ਕੁਝ ਬੀਜਾਂਗੇ'। ਹੁਣ ਜੇ ਗੱਲ ਕਰੀਏ ਪਤੀ-ਪਤਨੀ ਦੇ ਰਿਸ਼ਤੇ ਦੀ ਤਾਂ ਇੱਕ ਸਮਾਂ ਸੀ ਜਦੋਂ ਇਸ ਨੂੰ ਸੱਤ ਜਨਮਾਂ ਦਾ ਸਾਥ ਸਮਝਿਆ ਜਾਂਦਾ ਸੀ ਪਰ ਹੁਣ ਸੱਤ ਜਨਮ ਤਾਂ ਕੀ ਇੱਕ ਜਨਮ ਸਾਥ ਨਿਭਾਉਣਾ ਵੀ ਔਖਾ ਹੋ ਗਿਆ ਹੈ। ਜਿੰਨੇ ਜਲਦੀ ਵਿਆਹ ਹੁੰਦੇ ਹਨ, ਉਨੇ ਜਲਦੀ ਹੀ ਟੁੱਟ ਜਾਂਦੇ ਹਨ। ਰਿਸ਼ਤੇ ਨਿਭਾਉਣ ਦੀ ਸ਼ਿੱਦਤ ਹੁਣ ਖ਼ਤਮ ਹੋ ਚੁੱਕੀ ਹੈ। ਰੂਹਾਂ ਦੇ ਰਿਸ਼ਤੇ ਪਲਾਂ ਵਿੱਚ ਬਿਖਰ ਜਾਂਦੇ ਹਨ। ਪਦਾਰਥਵਾਦੀ ਯੁੱਗ ਦੀ ਮਾਰ ਕਾਰਨ ਭੈਣ-ਭਰਾ ਦਾ ਰਿਸ਼ਤਾ ਵੀ ਪ੍ਰਭਾਵਿਤ ਹੋਇਆ ਹੈ। ਇਸ ਰਿਸ਼ਤੇ ਵਿਚਲੀ ਸਾਂਝ, ਆਪਸੀ ਪਿਆਰ ਹੁਣ ਖ਼ਤਮ ਹੁੰਦਾ ਜਾਪ ਰਿਹਾ ਹੈ। ਭਰਾ-ਭਰਾ ਦਾ ਦੁਸ਼ਮਣ ਬਣ ਚੁੱਕਾ ਹੈ। ਨਨਾਣ-ਭਰਜਾਈ, ਦਿਉਰ-ਭਰਜਾਈ, ਜੀਜਾ-ਸਾਲੀ, ਨੂੰਹ-ਸੱਸ ਆਦਿ ਰਿਸ਼ਤੇ ਜਿਨ੍ਹਾਂ ਵਿੱਚ ਪਿਆਰ ਅਤੇ ਤਕਰਾਰ ਦੋਵੇਂ ਦੇਖਣ ਨੂੰ ਮਿਲਦੇ ਸਨ, ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਚੁੱਕੀ ਹੈ। ਅੱਜ ਅਸੀਂ ਨੂੰਹਾਂ ਘੱਟ ਅਤੇ ਨੀਂਹਾਂ ਜ਼ਿਆਦਾ ਵਿਆਹ ਕੇ ਲਿਆਉਂਦੇ ਹਾਂ। ਘਰ ਵਿੱਚ ਮੁੰਡੇ ਦਾ ਵਿਆਹ ਮਗਰੋਂ ਹੁੰਦਾ ਹੈ ਬਟਵਾਰਾ ਪਹਿਲਾਂ ਹੋ ਜਾਂਦਾ ਹੈ। ਪਹਿਲਾਂ ਇਹ ਬਟਵਾਰਾ ਭਰਾਵਾਂ-ਭਰਾਵਾਂ ਵਿਚਕਾਰ ਹੁੰਦਾ ਸੀ ਪਰ ਅੱਜ-ਕਲ੍ਹ ਤਾਂ ਜੇ ਕਿਸੇ ਦੇ ਇੱਕ ਪੁੱਤ ਹੈ ਉਹ ਵੀ ਮਾਪਿਆਂ ਨਾਲੋਂ ਅੱਡ ਹੀ ਰਹਿੰਦਾ ਹੈ। ਇਸ ਤਰ੍ਹਾਂ ਰਿਸ਼ਤਿਆਂ ਵਿਚਲੀ ਇਸ ਗਿਰਾਵਟ ਕਾਰਨ ਸਾਡੇ ਬਜ਼ੁਰਗ ਖ਼ੂਨ ਦੇ ਹੰਝੂ ਵਹਾ ਰਹੇ ਹਨ। ਰਿਸ਼ਤਿਆਂ 'ਚ ਆਈਆਂ ਇਨ੍ਹਾਂ ਦੂਰੀਆਂ ਦਾ ਇੱਕ ਵੱਡਾ ਕਾਰਨ ਇਹੀ ਹੈ ਕਿ ਸਾਡੀ ਸਹਿਣ ਸ਼ਕਤੀ ਖ਼ਤਮ ਹੋ ਚੁੱਕੀ ਹੈ। ਅੱਜ ਪੈਸਾ ਹੀ ਸਾਡੇ ਲਈ ਸਭ ਕੁਝ ਬਣ ਚੁੱਕਾ ਹੈ। ਰਿਸ਼ਤੇ ਪੈਸੇ ਦੀ ਚਕਾਚੌਂਧ ਵਿੱਚ ਧੁੰਦਲੇ ਪੈਂਦੇ ਜਾ ਰਹੇ ਹਨ ਪਰ ਸਮਾਂ ਰਹਿੰਦੇ ਹੀ ਸਾਨੂੰ ਆਪਣੀ ਸੋਚ ਨੂੰ ਬਦਲਣਾ ਪਵੇਗਾ। ਸਾਡੀ ਅਸਲੀ ਦੌਲਤ ਇਹ ਪਿਆਰੇ ਜਿਹੇ ਰਿਸ਼ਤੇ ਹਨ ਜਿਨ੍ਹਾਂ ਨੂੰ ਅਸੀਂ ਸਾਰੀ ਜ਼ਿੰਦਗੀ ਕਮਾਉਂਦੇ ਹਾਂ ਤੇ ਇਸ ਦੌਲਤ ਨੂੰ ਸੰਭਾਲਣਾ ਸਾਡਾ ਮੁਢਲਾ ਫ਼ਰਜ਼ ਹੈ। ਰਿਸ਼ਤਿਆਂ ਵਿਚਲਾ ਪਿਆਰ ਮੋਹ, ਮਿਠਾਸ, ਅਪਣੱਤ ਹੀ ਇਸ ਦੀ ਅਸਲੀ ਪਰਿਭਾਸ਼ਾ ਹੈ ਅਤੇ ਇਸ ਨੂੰ ਕਾਇਮ ਰੱਖਣਾ ਇਨਸਾਨੀਅਤ ਦਾ ਫ਼ਰਜ਼ ਹੈ। ਪਰਮਾਤਮਾ ਮਿਹਰ ਕਰੇ ਤੇ ਰਿਸ਼ਤਿਆਂ ਦੀ ਟੁੱਟੀ ਹੋਈ ਗੰਢ ਮੁੜ ਤੋਂ ਜੁੜ ਜਾਵੇ।

ਸੰਪਰਕ: 99150-33176

## ਪੰਜਾਬ ਦੀ ਤਰਾਸਦੀ

# ਪੜ੍ਹਨ-ਲਿਖਣ ਦੀ ਉਮਰੇ ਅਜੋਕੀ ਪੀੜ੍ਹੀ ਪਈ ਨਸ਼ਿਆਂ ਦੇ ਰਾਹ

-ਮੋਹਨ ਸ਼ਰਮਾ/94171-48866



ਮਹਾਨ ਚਿੰਤਕ ਅਤੇ ਇਨਕਲਾਬੀ ਆਗੂ ਲੈਨਿਨ ਨੇ ਲਿਖਿਆ ਹੈ, "ਮੈਨੂੰ ਦੱਸੋ, ਤੁਹਾਡੇ ਦੇਸ਼ ਦੀ ਜਵਾਨੀ ਅਤੇ ਲੋਕਾਂ ਦੇ ਮੂੰਹ 'ਤੇ ਕਿਸ ਤਰ੍ਹਾਂ ਦੇ ਗੀਤ ਹਨ ਤੇ ਮੈਂ ਤੁਹਾਨੂੰ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ।'' ਭਲਾ, ਨਿਜ਼ਾਮ ਤੋਂ ਦੁਖੀ ਹੋ ਕੇ ਆਪਣੀ ਜਨਮ ਭੂਮੀ ਪੰਜਾਬ ਨੂੰ ਅਲਵਿਦਾ ਕਹਿ ਕੇ ਵਿਦੇਸ਼ੀ ਧਰਤੀ 'ਤੇ ਵਸਣ ਵਾਲੀ ਜਵਾਨੀ ਦੇ ਹੋਠਾਂ 'ਤੇ ਕਿਸ ਤਰ੍ਹਾਂ ਦੇ ਗੀਤ ਹੋਣਗੇ, ਇਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਪੰਜਾਬ ਦਾ ਇਸ ਤੋਂ ਵੀ ਮਾਰੂ ਦੁਖਾਂਤ ਇਹ ਹੈ ਕਿ ਉਹ ਵਿਦਿਆਰਥੀ ਜਿਨ੍ਹਾਂ ਨੇ ਹਾਲੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨਾ ਹੈ ਤੇ ਉਹ ਵੱਖ-ਵੱਖ ਸਕੂਲਾਂ ਵਿਚ ਵਿੱਦਿਆ ਪ੍ਰਾਪਤ ਕਰਨ ਜਾਂਦੇ ਹਨ, ਉਨ੍ਹਾਂ 'ਚੋਂ ਕੁਝ ਹੁਣ ਤੋਂ ਹੀ ਨਸ਼ਿਆਂ ਦੀ ਦਲਦਲ ਵਿਚ ਧਸ ਗਏ ਹਨ।

ਕਈ ਵਾਰ ਮੌਕੇ ਸਿਰ ਪਤਾ ਨਾ ਲੱਗਣ ਕਰਕੇ ਉਨ੍ਹਾਂ ਦੀ ਸਿਰਫ਼ ਪੜ੍ਹਾਈ ਅੱਧਵਾਟੇ ਰਹਿ ਜਾਂਦੀ ਹੈ। ਉਹ ਨਸ਼ੇ ਦੀ ਪੂਰਤੀ ਲਈ ਪਹਿਲਾਂ ਘਰੋਂ ਪੈਸੇ ਚੋਰੀ ਕਰਦੇ ਹਨ ਅਤੇ ਬਾਅਦ ਵਿਚ ਤਸਕਰਾਂ ਦੇ ਧੱਕੇ ਚੜ੍ਹ ਕੇ ਉਨ੍ਹਾਂ ਦਾ ਮਾਲ ਇਕ ਤੋਂ ਦੂਜੀ ਥਾਂ 'ਤੇ ਪਹੁੰਚਾਉਣ ਦਾ ਕੰਮ ਕਰਨ ਲੱਗ ਜਾਂਦੇ ਹਨ। ਇੰਜ ਨਾਬਾਲਗ ਨਸ਼ਿਆਂ ਦੇ ਨਾਲ-ਨਾਲ ਅਪਰਾਧ ਦੀ ਦੁਨੀਆ ਵਿਚ ਸਹਿਜੇ ਹੀ ਪਰਵੇਸ਼ ਕਰ ਜਾਂਦੇ ਹਨ। ਮਾਪਿਆਂ ਦੇ ਧਿਆਨ ਵਿਚ ਤਾਂ ਬੱਚਾ ਉਦੋਂ ਆਉਂਦਾ ਹੈ ਜਦੋਂ ਉਹ ਪੂਰੀ ਤਰ੍ਹਾਂ ਨਸ਼ਿਆਂ 'ਚ ਜਕੜ ਕੇ ਆਪ ਹੁਦਰੀਆਂ ਕਰਦਾ ਹੈ। ਮੇਰੇ ਕੋਲ ਸੱਤਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਵੀ ਆਏ ਜੋ ਚਿੱਟੇ ਦਾ ਸੇਵਨ ਕਰਦੇ ਸਨ। ਇਨ੍ਹਾਂ 'ਚੋਂ ਇਕ ਪੱਕਾ ਨਸ਼ੇੜੀ ਬਣ ਚੁੱਕਾ ਸੀ ਜੋ ਸਵੇਰ ਦੀ ਪ੍ਰਾਰਥਨਾ ਵੇਲੇ ਬੇਹੋਸ਼ ਹੋ ਕੇ ਡਿੱਗ ਪਿਆ ਸੀ।

ਦੋ ਵਿਦਿਆਰਥੀ ਸਕੂਲ ਦੀ ਵਰਦੀ 'ਚ ਮੋਢੇ 'ਤੇ ਬੈਗ ਲਟਕਾਈ ਸਵੇਰੇ-ਸਵੇਰੇ ਸ਼ਰਾਬ ਦੇ ਠੇਕੇ ਦੀ ਖਿੜਕੀ ਕੋਲ ਜਾਂਦੇ ਹਨ। ਉੱਥੋਂ ਬੋਤਲ ਖ਼ਰੀਦ ਕੇ ਨਾਲ ਲੱਗਦੇ ਅਹਾਤੇ ਦੇ ਕਰਿੰਦੇ ਨੂੰ ਕਹਿ ਕੇ ਉਹ ਸ਼ਰਾਬ ਵਾਲੀ ਬੋਤਲ ਆਪਣੀ ਪਾਣੀ ਵਾਲੀ ਥਰਮਸ ਵਿਚ ਪਵਾ ਲੈਂਦੇ ਹਨ ਅਤੇ ਫਿਰ ਉਸ ਨੂੰ ਬੈਗ ਵਿਚ ਪਾ ਕੇ ਸਕੂਲ ਵੱਲ ਚਾਲੇ ਪਾ ਦਿੰਦੇ ਹਨ। ਬਾਅਦ ਵਿਚ ਪਤਾ ਲੱਗਿਆ ਕਿ ਇਹ ਵਰਤਾਰਾ ਸਿਰਫ਼ ਦੋ ਵਿਦਿਆਰਥੀਆਂ ਦੇ ਹਿੱਸੇ ਨਹੀਂ ਆਇਆ ਸਗੋਂ ਅਨੇਕਾਂ ਨਾਬਾਲਗ ਵਿਦਿਆਰਥੀ ਠੇਕਿਆਂ ਤੋਂ ਬੋਤਲਾਂ ਖ਼ਰੀਦ ਕੇ ਸਕੂਲ ਲੈ ਕੇ ਜਾਂਦੇ ਹਨ। ਉਸ ਸ਼ਰਾਬ ਦੇ ਠੇਕੇ ਸਾਹਮਣੇ ਪਾਰਕ, 50 ਕੁ ਗਜ਼ 'ਤੇ ਧਾਰਮਿਕ ਅਸਥਾਨ ਅਤੇ ਇੰਨੀ ਕੁ ਦੂਰ ਹੀ ਸਕੂਲ ਸਥਿਤ ਹੈ। ਧਾਰਮਿਕ ਅਸਥਾਨਾਂ ਅਤੇ ਸਕੂਲਾਂ ਦੇ ਨੇੜੇ-ਤੇੜੇ ਸ਼ਰਾਬ ਦਾ ਠੇਕਾ ਖੋਲ੍ਹਣਾ ਅਤੇ ਨਾਬਾਲਗਾਂ ਨੂੰ ਸ਼ਰਾਬ ਦੀਆਂ ਬੋਤਲਾਂ ਵੇਚਣੀਆਂ ਕਾਨੂੰਨਨ ਅਪਰਾਧ ਹੈ। ਅਜਿਹੇ ਵਰਤਾਰੇ ਲਈ ਇਕੱਲੇ ਵਿਦਿਆਰਥੀਆਂ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਸਗੋਂ ਅਜਿਹੀ ਦਰਿੰਦਗੀ ਲਈ ਨਸ਼ਾ ਵਰਤਾਉਣ ਵਾਲੇ ਅਤੇ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲੇ ਵੀ ਜ਼ਿੰਮੇਵਾਰ ਹਨ। ਦੋਸ਼ੀ ਤਾਂ ਉਹ ਭੀੜ ਵੀ ਹੈ ਜਿਹੜੀ ਅਜਿਹਾ ਵਰਤਾਰਾ ਹਰ ਰੋਜ਼ ਵੇਖਣ ਉਪਰੰਤ ਖਾਮੋਸ਼ ਰਹਿੰਦੀ ਹੈ। ਵਿਦਵਾਨ ਵਾਲਟੇਅਰ ਦੇ ਸ਼ਬਦ ਅਜਿਹੀ ਖਾਮੋਸ਼ ਭੀੜ ਲਈ ਹੀ ਇਕ ਸੁਨੇਹਾ ਹਨ, "ਚੰਗੇ ਲੋਕਾਂ ਦੀ ਚੁੱਪ ਬਦਮਾਸ਼ਾਂ ਦੀ ਜਿੱਤ ਯਕੀਨੀ ਬਣਾ ਦਿੰਦੀ ਹੈ।" ਬਾਅਦ ਵਿਚ ਉਸ ਖ਼ਬਰ ਦੇ ਆਧਾਰ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਸਕੂਲਾਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ ਕਿ ਵਿਦਿਆਰਥੀਆਂ ਦੇ ਸਕੂਲ ਵਿਚ ਦਾਖ਼ਲ ਹੋਣ ਸਮੇਂ ਉਨ੍ਹਾਂ ਦੀਆਂ ਪਾਣੀ ਵਾਲੀਆਂ ਬੋਤਲਾਂ ਚੈੱਕ ਕੀਤੀਆਂ ਜਾਣ। ਆਬਕਾਰੀ ਵਿਭਾਗ ਨੇ ਲਿਪਾ-ਪੋਚੀ ਕਰਨ ਲਈ ਉਸ ਠੇਕੇ ਨੂੰ ਕੁਝ ਦਿਨਾਂ ਲਈ ਬੰਦ ਵੀ ਕਰ ਦਿੱਤਾ।

ਫਿਲੌਰ 'ਚ 17 ਸਾਲਾਂ ਦਾ ਨਾਬਾਲਗ ਲੜਕਾ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਗਿਆ। ਉਸ ਦੇ ਮੁਹੱਲੇ ਵਿਚ ਹੀ ਨਸ਼ਾ ਤਸਕਰ ਧੜੱਲੇ ਨਾਲ ਨਸ਼ਾ ਵੇਚਦਾ ਸੀ। ਤਸਕਰ ਦੇ ਫ਼ਰਾਰ ਹੋਣ ਉਪਰੰਤ ਜਦੋਂ ਪੁਲਿਸ ਪੁੱਛ-ਪੜਤਾਲ ਲਈ ਉੱਥੇ ਪਹੁੰਚੀ ਤਾਂ ਉਸ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਨੇ ਦੁਖੀ ਹੋ ਕੇ ਦੱਸਿਆ ਕਿ ਇਸ ਤਸਕਰ ਕੋਲ ਸਵੇਰੇ ਹੀ ਸਕੂਲ ਦੇ ਵਿਦਿਆਰਥੀ ਮੋਢੇ 'ਤੇ ਬੈਗ ਲਟਕਾਈ ਆ ਜਾਂਦੇ ਸਨ। ਤਸਕਰ



ਉਨ੍ਹਾਂ ਤੋਂ ਪੈਸੇ ਲੈ ਕੇ ਨਸ਼ੇ ਦੇ ਟੀਕੇ ਲਾਉਂਦਾ ਸੀ ਅਤੇ ਇਹ ਸਿਲਸਿਲਾ ਦੇਰ ਰਾਤ ਤਕ ਚੱਲਦਾ ਸੀ। ਲੋਕਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਜੇਕਰ ਉਸ ਤਸਕਰ ਵਿਰੁੱਧ ਕੋਈ ਬੋਲਦਾ ਸੀ ਤਾਂ ਗੁੰਡਿਆਂ ਨੂੰ ਨਾਲ ਲੈ ਕੇ ਉਸ ਨੂੰ ਮਾਰਨ ਦੀ ਧਮਕੀ ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਹੀ ਸਿੱਧਵਾਂ ਬੇਟ ਦੇ 11ਵੀਂ ਵਿਚ ਪੜ੍ਹਦੇ ਨਾਬਾਲਗ ਕਬੱਡੀ ਖਿਡਾਰੀ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ, ਪਟਿਆਲਾ ਵਿਚ ਵੀ ਓਵਰਡੋਜ਼ ਨਾਲ ਨਾਬਾਲਗ ਦੀ ਮੌਤ ਹੋ ਗਈ। ਨਾਬਾਲਗਾਂ ਨੂੰ ਪੜ੍ਹਾਈ ਵਾਲੇ ਰਸਤਿਓਂ ਮੋੜ ਕੇ ਨਸ਼ਾ ਤਸਕਰੀ ਅਤੇ ਜੁਰਮ ਦੀ ਦੁਨੀਆ ਵਿਚ ਧੱਕਣ ਲਈ ਸਮਾਜ ਦੋਖੀ ਹਰ ਸੰਭਵ ਯਤਨ ਕਰਦੇ ਹਨ। ਪਿੱਛੇ ਜਿਹੇ ਅੰਮ੍ਰਿਤਸਰ ਵਿਚ 75 ਕਰੋੜ ਦੀ ਹੈਰੋਇਨ ਅਤੇ 8.40 ਲੱਖ ਦੀ ਡਰੱਗ ਮਨੀ ਸਮੇਤ ਨਾਬਾਲਗ ਲੜਕੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੁਝ ਸਮਾਂ ਪਹਿਲਾਂ ਤਰਨਤਾਰਨ ਦੇ ਪਿੰਡ ਸਰਹਾਲੀ ਵਿਚ ਰਾਕਟ ਹਮਲਿਆਂ ਦੇ ਦੋਸ਼ੀਆਂ ਵਿਚ ਨਾਬਾਲਗ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਦੇ ਅਨੇਕਾਂ ਹੋਰ ਕੇਸਾਂ ਵਿਚ ਨਾਬਾਲਗਾਂ ਦਾ ਨਸ਼ਿਆਂ ਰਾਹੀਂ ਜੁਰਮ ਦੀ ਦੁਨੀਆ ਵਿਚ ਦਾਖ਼ਲ ਹੋਣ ਦੇ ਕਈ ਕਿਸੇ ਜੱਗ ਜ਼ਾਹਿਰ ਹੋਏ ਹਨ। ਅਕਸਰ 11 ਤੋਂ 14 ਸਾਲ ਦੀ ਉਮਰ ਤਕ ਦਾ ਨਾਬਾਲਗ ਲੜਕਾ ਬੁਰੀ ਸੰਗਤ ਅਤੇ ਪਰਿਵਾਰਕ ਸੰਸਕਾਰਾਂ ਦੇ ਅਸਰ ਹੇਠ ਬੀੜੀ, ਜ਼ਰਦਾ ਅਤੇ ਸਿਗਰਟ ਦਾ ਸੇਵਨ ਕਰਨ ਲੱਗ ਜਾਂਦਾ ਹੈ। ਇਨ੍ਹਾਂ ਛੋਟੇ ਨਸ਼ਿਆਂ ਨੂੰ ਵੱਡੇ ਨਸ਼ਿਆਂ ਦਾ ਪ੍ਰਵੇਸ਼ ਦੁਆਰ ਮੰਨਿਆ ਜਾਂਦਾ ਹੈ। ਜੇ ਇਸ ਸਟੇਜ 'ਤੇ ਬੱਚੇ ਨੂੰ ਨਾ ਸੰਭਾਲਿਆ ਗਿਆ ਤਾਂ ਉਹ 14 ਸਾਲ ਦੀ ਉਮਰ ਵਿਚ ਸ਼ਰਾਬ ਦੇ ਨਸ਼ੇ 'ਤੇ ਲੱਗ ਜਾਵੇਗਾ। ਜੇਕਰ ਉਸ ਦੀ ਰੋਕ-ਥਾਮ ਨਾ ਕੀਤੀ ਗਈ ਤਾਂ 18 ਸਾਲ ਦੀ ਉਮਰ ਵਿਚ ਉਹ ਚਿੱਟੇ ਦੀ ਲਪੇਟ ਵਿਚ ਆ ਜਾਵੇਗਾ। ਸੰਜੀਦਗੀ ਨਾਲ ਚਿੰਤਨ ਕਰਨ ਦੀ ਲੋੜ ਹੈ ਕਿ ਅਜਿਹੇ ਮਾਤਮੀ ਮਾਹੌਲ ਲਈ ਜ਼ਿੰਮੇਵਾਰ ਕੌਣ ਹੈ? ਦਰਅਸਲ ਔਲਾਦ ਦੇ ਥਿੜਕ ਜਾਣ ਦੇ ਕਾਰਨਾਂ 'ਚੋਂ ਇਕ ਮੁੱਖ ਕਾਰਨ ਇਹ ਵੀ ਹੈ ਕਿ ਮਾਪੇ ਆਪਣੀ ਔਲਾਦ ਲਈ ਰੋਲ ਮਾਡਲ ਦਾ ਫ਼ਰਜ਼ ਨਹੀਂ ਨਿਭਾ ਰਹੇ। ਔਲਾਦ ਪ੍ਰਤੀ ਉਨ੍ਹਾਂ ਦੀ ਸੋਚ ਹੈ ਕਿ ਉਹ 16 ਕਲਾਂ ਸੰਪੂਰਨ ਹੋਵੇ, ਖੇਡਾਂ ਅਤੇ ਪੜ੍ਹਾਈ ਵਿਚ ਮੱਲਾਂ ਮਾਰੇ ਅਤੇ ਘਰ ਦਾ ਕੰਮ ਵੀ ਤਨਦੇਹੀ ਨਾਲ ਕਰੇ। ਪਰ ਉਹ ਇਹ ਭੁੱਲੀ ਬੈਠੇ ਹਨ ਕਿ ਅੱਜ ਦੀ ਪੀੜ੍ਹੀ ਸੁਣਨ-ਸੁਣਾਉਣ ਵਿਚ ਯਕੀਨ ਨਹੀਂ ਰੱਖਦੀ, ਨਕਲ ਕਰਨ ਵਿਚ ਯਕੀਨ ਰੱਖਦੀ ਹੈ। ਜੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਕਿਸੇ ਕਿਸਮ ਦੀ ਬੁਰਾਈ ਦਾ ਸ਼ਿਕਾਰ ਨਾ ਹੋਣ ਤਾਂ ਉਨ੍ਹਾਂ ਨੂੰ ਆਪ ਰੋਲ ਮਾਡਲ ਬਣ ਕੇ ਉਨ੍ਹਾਂ ਦੀ ਸੁਚੱਜੀ ਅਗਵਾਈ ਕਰਨੀ ਚਾਹੀਦੀ ਹੈ। ਇਵੇਂ ਹੀ ਅਧਿਆਪਕਾਂ ਦਾ ਰੋਲ ਸਿਰਫ਼ ਉਨ੍ਹਾਂ ਨੂੰ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਜ਼ਿੰਦਗੀ ਦਾ ਪਾਠ ਪੜ੍ਹਾਉਣਾ ਵੀ ਹੈ। ਸਿਆਣਾ ਅਧਿਆਪਕ ਵਿਦਿਆਰਥੀਆਂ ਦਾ ਰਹਿਨੁਮਾ ਬਣ ਕੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਯਤਨ ਕਰਦਾ ਹੈ। ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਪਾਠ ਪੜ੍ਹਾਉਣਾ ਅਤਿਅੰਤ ਜ਼ਰੂਰੀ ਹੈ।

ਲੋਕਾਂ ਨੇ ਵੀ ਜਵਾਨੀ ਨੂੰ ਸਿਵਿਆਂ ਦੇ ਰਾਹ ਤੋਂ ਬਚਾਉਣ ਲਈ ਲਾਮਬੱਧ ਹੋਣਾ ਸ਼ੁਰੂ ਕੀਤਾ ਹੈ। ਕਈ ਪੰਚਾਇਤਾਂ ਨੇ ਤਸਕਰਾਂ ਵਿਰੁੱਧ ਧਰਨੇ, ਮੁਜ਼ਾਹਰੇ, ਠੀਕਰੀ ਪਹਿਰੇ ਅਤੇ ਨਸ਼ਾ ਵੇਚਣ ਵਾਲਿਆਂ ਦੇ ਘਰ ਜਾ ਕੇ ਚੇਤਾਵਨੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦਰਅਸਲ, ਲੋਕਾਂ ਦੇ ਲਾਮਬੱਧ ਹੋਣ ਤੋਂ ਬਿਨਾਂ ਜਵਾਨੀ ਦਾ ਨਸ਼ਿਆਂ ਦੇ ਦੈਂਤ ਤੋਂ ਬਚਣਾ ਬਹੁਤ ਮੁਸ਼ਕਲ ਹੈ। ਮਲਿਕ ਭਾਗੋਆਂ ਦੇ ਦਾਨਵੀ ਪੰਜਿਆਂ ਤੋਂ ਬਚਾਉਣ ਲਈ ਲੋਕ ਹੁਣ ਇਸ ਤਰ੍ਹਾਂ ਗੰਭੀਰ ਹੋ ਗਏ ਹਨ :-

ਚਿਰਾਗੋਂ ਕੀ ਹਿਫ਼ਾਜ਼ਤ ਪੇ ਲਗਾ ਦੋ ਜ਼ਿੰਦਗੀ ਅਪਨੀ,
ਹਵਾ ਕਾ ਕਯਾ ਭਰੋਸਾ, ਕਬ ਰੁਕੇ, ਕਬ ਤੇਜ਼ ਹੋ ਜਾਏ।

**ਮਹਾਨ ਚਿੰਤਕ ਅਤੇ ਇਨਕਲਾਬੀ ਆਗੂ ਲੈਨਿਨ ਨੇ ਲਿਖਿਆ ਹੈ, "ਮੈਨੂੰ ਦੱਸੋ, ਤੁਹਾਡੇ ਦੇਸ਼ ਦੀ ਜਵਾਨੀ ਅਤੇ ਲੋਕਾਂ ਦੇ ਮੂੰਹ 'ਤੇ ਕਿਸ ਤਰ੍ਹਾਂ ਦੇ ਗੀਤ ਹਨ ਤੇ ਮੈਂ ਤੁਹਾਨੂੰ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ।''**

# ਭੰਡਾਂ ਦੀਆਂ ਮਸ਼ਕਰੀਆਂ

ਬਹਾਦਰ ਸਿੰਘ ਗੋਸਲ






ਪੰਜਾਬ ਦੇ ਸੱਭਿਆਚਾਰਕ ਰੰਗ ਸ਼ੁਰੂ ਤੋਂ ਹੀ ਨਿਆਰੇ ਰਹੇ ਹਨ। ਹਰ ਖੁਸ਼ੀ-ਗ਼ਮੀ ਦੇ ਸਮੇਂ ਪੰਜਾਬੀ ਸੱਭਿਆਚਾਰ ਆਪਣੀ ਵੱਖਰੀ ਦਿੱਖ ਬਣਾਉਂਦਾ ਰਿਹਾ ਹੈ। ਇਸ ਦੀਆਂ ਵੰਨਗੀਆਂ ਵੀ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਦੇਖਣ ਨੂੰ ਮਿਲਦੀਆਂ ਹਨ। ਮੌਸਮਾਂ ਦੀ ਤਬਦੀਲੀ, ਫ਼ਸਲਾਂ ਦੇ ਬੀਜਣ ਤੇ ਕੱਟਣ ਦੇ ਸਮੇਂ ਦੇ ਦ੍ਰਿਸ਼ ਜਾਂ ਤਿਉਹਾਰੀ ਮੇਲਿਆਂ ਕਾਰਨ ਇੱਥੋਂ ਦਾ ਸੱਭਿਆਚਾਰ ਦਿਲ ਖਿੱਚਵਾਂ ਬਣਿਆ ਰਿਹਾ ਹੈ। ਸੱਭਿਆਚਾਰਕ ਝਲਕੀਆਂ ਸਭ ਤੋਂ ਵੱਧ ਪੰਜਾਬ ਦੇ ਪਿੰਡਾਂ ਵਿੱਚ ਦੇਖਣ ਨੂੰ ਮਿਲਦੀਆਂ ਸਨ ਖ਼ਾਸ ਕਰਕੇ ਵਿਆਹਾਂ ਸ਼ਾਦੀਆਂ ਦੇ ਮੌਕਿਆਂ 'ਤੇ ਤਾਂ ਪੂਰੇ ਦਾ ਪੂਰਾ ਪਿੰਡ ਖੁਸ਼ੀਆਂ ਵਿੱਚ ਝੂਮਦਾ ਨਜ਼ਰ ਆਉਂਦਾ ਰਿਹਾ ਹੈ। ਗਿੱਧੇ, ਭੰਗੜੇ, ਬੋਲੀਆਂ, ਰਾਸ ਅਤੇ ਗਾਉਣ ਵੱਖ-ਵੱਖ ਨਜ਼ਾਰੇ ਪੇਸ਼ ਕਰਦੇ ਰਹੇ ਹਨ। ਵਿਆਹ ਇੱਕ ਘਰ ਹੁੰਦਾ, ਪਰ ਸਾਰਾ ਪਿੰਡ ਹੀ ਖੁਸ਼ੀ ਵਿੱਚ ਝੂਮ ਰਿਹਾ ਹੁੰਦਾ। ਵਿਆਹ ਵਿੱਚ ਵੀ ਹਰ ਘਟਨਾ ਜਿੱਥੇ ਆਪਸੀ ਭਾਈਚਾਰੇ ਦੀ ਅਨੋਖੀ ਦਿੱਖ ਪੇਸ਼ ਕਰਦੀ, ਉੱਥੇ ਹੀ ਹਰ ਇੱਕ ਮਨ ਨੂੰ ਨਵੀਂ ਲੋਰ ਜਿਹੀ ਦੇ ਜਾਂਦੀ। ਵਿਆਹ ਭਾਵੇਂ ਮੁੰਡੇ ਦਾ ਜਾਂ ਕੁੜੀ ਦਾ ਹੋਵੇ ਸੱਭਿਆਚਾਰ ਰੰਗ ਤਾਂ ਦੇਖਣ ਨੂੰ ਮਿਲਦੇ ਹੀ ਸਨ। ਉਦਾਹਰਨ ਦੇ ਤੌਰ 'ਤੇ ਜਦੋਂ ਪਿੰਡ ਵਿੱਚ ਕਿਸੇ ਮੁੰਡੇ ਦਾ ਮੰਗਣਾ ਹੋਣਾ ਹੁੰਦਾ ਤਾਂ ਪਹਿਲਾਂ ਹੀ ਕੋਠੇ ਉਤੇ ਮੰਜੇ ਜੋੜ ਕੇ ਉੱਚੀ ਉੱਚੀ ਸਪੀਕਰ ਲਗਾਇਆ ਜਾਂਦਾ ਅਤੇ ਸਾਰਾ ਪਿੰਡ ਉਸ ਸਪੀਕਰ 'ਤੇ ਵੱਜਦੇ ਗਾਣਿਆਂ ਦਾ ਆਨੰਦ ਲੈਂਦਾ। ਮੁੰਡੇ ਦੇ ਵਿਆਹ ਸਮੇਂ ਪਿੰਡ ਵਿੱਚ ਕਈ-ਕਈ ਦਿਨ ਸਪੀਕਰਾਂ 'ਤੇ ਗਾਣੇ ਵੱਜਦੇ ਰਹਿੰਦੇ ਸਨ।

ਜਦੋਂ ਕਦੇ ਪਿੰਡ ਵਿੱਚ ਕਿਸੇ ਕੁੜੀ ਦਾ ਵਿਆਹ ਹੁੰਦਾ ਤਾਂ ਜੰਝ ਦੇ ਆਉਣ ਦਾ ਨਜ਼ਾਰਾ ਅਜਿਹਾ ਹੁੰਦਾ ਕਿ ਪਿੰਡ ਦਾ ਹਰ ਵਿਅਕਤੀ ਇਸ ਸਮੇਂ ਨੂੰ ਦੇਖਣ ਤੋਂ ਵਾਂਝਾ ਨਾ ਰਹਿੰਦਾ। ਪਿੰਡ ਦਾ ਹਰ ਬੱਚਾ-ਬੁੱਢਾ ਜੰਝ ਦੇ ਢੁਕਾਓ ਨੂੰ ਦੇਖਣ ਲਈ ਦਰਵਾਜ਼ੇ ਪਹੁੰਚ ਜਾਂਦਾ। ਜੰਝ ਵਿੱਚ ਆਏ ਮਹਿਮਾਨ ਵੀ ਆਪਣੇ ਆਪ ਨੂੰ ਜਾਂਞੀ ਹੋਣ ਦਾ ਵੱਖਰਾ ਹੀ ਰੰਗ ਪੇਸ਼ ਕਰਦੇ। ਹਰ ਜਾਂਞੀ ਆਪਣੇ ਆਪ ਨੂੰ ਪਿੰਡ ਦਾ ਵਿਸ਼ੇਸ਼ ਮਹਿਮਾਨ ਸਮਝਦਾ। ਇਹੀ ਕਾਰਨ ਹੁੰਦਾ ਸੀ ਕਿ ਬਰਾਤੀਆਂ ਦੀ ਮਹਿਮਾਨ ਨਿਵਾਜ਼ੀ ਦਾ ਵੀ ਵਿਸ਼ੇਸ਼ ਪ੍ਰਬੰਧ ਹੁੰਦਾ ਸੀ। ਉਨ੍ਹਾਂ ਦੇ ਠਹਿਰਨ, ਖਾਣ, ਪੀਣ, ਆਰਾਮ ਕਰਨ, ਇਸ਼ਨਾਨ ਪਾਣੀ ਅਤੇ ਮਨੋਰੰਜਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਕਿਉਂਕਿ ਜੰਞਾਂ ਦੋ-ਤਿੰਨ ਦਿਨ ਤੱਕ ਵੀ ਠਹਿਰਦੀਆਂ ਸਨ। ਇਸ ਲਈ ਪਿੰਡ ਵਾਲਿਆਂ ਵੱਲੋਂ ਮਹਿਮਾਨਾਂ ਦੀ ਖੂਬ ਸੇਵਾ ਕੀਤੀ ਜਾਂਦੀ। ਜਦੋਂ ਇਹ ਬਰਾਤ ਜੰਝ ਦੇ ਡੇਰੇ ਵਿਖੇ ਆਰਾਮ ਫਰਮਾਉਂਦੀ ਤਾਂ ਉਸ ਸਮੇਂ ਉਨ੍ਹਾਂ ਦੇ ਮਨੋਰੰਜਨ ਲਈ ਇਲਾਕੇ ਦੇ ਭੰਡ ਆਪਣੇ ਆਪ ਹੀ ਬਰਾਤੀਆਂ ਕੋਲ ਪਹੁੰਚ ਜਾਂਦੇ। ਭੰਡਾਂ ਦੇ ਜੰਝ ਦੇ ਡੇਰੇ ਆਉਣ ਦਾ ਸਾਰੇ ਪਿੰਡ ਵਿੱਚ ਰੌਲਾ ਪੈ ਜਾਂਦਾ ਅਤੇ ਬਰਾਤੀਆਂ ਦੇ ਨਾਲ-ਨਾਲ ਪਿੰਡ ਦੇ ਲੋਕ ਵੀ ਇਨ੍ਹਾਂ ਭੰਡਾਂ ਨੂੰ ਸੁਣਨ ਲਈ ਜੰਝ ਦੇ ਡੇਰੇ ਵਾਲੀ ਥਾਂ ਜਾ ਪਹੁੰਚਦੇ। ਪਿੰਡ ਦੇ ਬੱਚਿਆਂ ਨੂੰ ਤਾਂ ਤਮਾਸ਼ਾ ਹੀ ਮਿਲ ਜਾਂਦਾ। ਉਹ ਤਾਂ ਭੰਡਾਂ ਦੇ ਗਿਰਦ ਝੁਰਮਟ ਬਣਾ ਕੇ ਬੈਠ ਜਾਂਦੇ। ਵੈਸੇ ਤਾਂ ਡੇਰੇ ਵਿੱਚ ਬਰਾਤ ਵਿੱਚ ਆਇਆ ਸਪੀਕਰ ਲਗਾਤਾਰ ਵੱਜਦਾ ਰਹਿੰਦਾ ਸੀ, ਪਰ ਜਦੋਂ ਭੰਡ ਡੇਰੇ ਪਹੁੰਚ ਜਾਂਦੇ ਤਾਂ ਬਰਾਤੀ ਸਪੀਕਰ ਨੂੰ ਆਪਣੇ ਆਪ ਹੀ ਬੰਦ ਕਰਵਾ ਦੇਂਦੇ ਕਿਉਂਕਿ ਉਨ੍ਹਾਂ ਦੀ ਵੱਧ ਦਿਲਚਸਪੀ ਭੰਡਾਂ ਨੂੰ ਸੁਣਨ ਦੀ ਹੁੰਦੀ ਸੀ। ਬਸ ਫਿਰ ਕੀ ਸੀ ਸਪੀਕਰ ਦੇ ਬੰਦ ਹੁੰਦਿਆਂ ਹੀ ਭੰਡ ਆਪਣੀ ਕਲਾ ਦਾ ਪ੍ਰਦਰਸ਼ਨ ਸ਼ੁਰੂ ਕਰ ਦਿੰਦੇ। ਭਾਵੇਂ ਇਹ ਭੰਡ ਦੋ ਜਾਂ ਤਿੰਨ ਦੀ ਗਿਣਤੀ ਵਿੱਚ ਬਿਲਕੁਲ ਅਨਪੜ੍ਹ ਸਾਧਾਰਨ ਵਿਅਕਤੀ ਹੁੰਦੇ ਸਨ, ਪਰ ਉਹ ਆਪਣੀ ਕਲਾ ਵਿੱਚ ਇੰਨੇ ਮਾਹਿਰ ਹੁੰਦੇ ਸਨ ਕਿ ਚੰਗਿਆਂ- ਚੰਗਿਆਂ ਦੇ ਢਿੱਡੀਂ ਪੀੜਾਂ ਪਾ ਦਿੰਦੇ ਸਨ। ਸਭ ਤੋਂ ਵੱਡੀ ਗੱਲ ਹੁੰਦੀ ਸੀ ਕਿ ਇਹ ਭੰਡ ਆਪਣੀਆਂ ਟਕੋਰਮਈ ਗੱਲਾਂ ਨਾਲ ਬਰਾਤੀਆਂ ਨੂੰ ਖੂਬ ਹਸਾਉਂਦੇ। ਇਹ ਗੱਲ ਵੀ ਕੁਦਰਤੀ ਹੀ ਹੁੰਦੀ ਸੀ ਕਿ ਭੰਡਾਂ ਵੱਲੋਂ ਕੀਤੀ ਟਕੋਰ ਦਾ ਕੋਈ ਵੀ ਵਿਅਕਤੀ ਗੁੱਸਾ ਨਹੀਂ ਸੀ ਕਰਦਾ, ਸਗੋਂ ਖੁਸ਼ ਹੋ ਕੇ ਉਨ੍ਹਾਂ ਨੂੰ ਇਨਾਮ ਤੱਕ ਦੇ ਦਿੰਦੇ ਜਿਸ ਦਾ ਭੰਡ ਵੀ ਬੜੇ ਸਤਿਕਾਰ ਨਾਲ ਮਾਣ ਕਰਦੇ ਹੋਏ, ਵੇਲ ਕਰਾਉਂਦੇ। ਇਹ ਭੰਡ ਕੋਈ ਪੱਕੀ ਰਾਸ਼ੀ 'ਤੇ ਨਹੀਂ ਸੀ ਆਉਂਦੇ ਸਗੋਂ ਇਨ੍ਹਾਂ ਦੀ ਕਲਾ ਦੀ ਮਿਹਨਤ ਦਾ ਇਨਾਮ ਹੀ ਇਨ੍ਹਾਂ ਦੀ ਕਮਾਈ ਦਾ ਸਾਧਨ ਹੁੰਦਾ ਸੀ। ਇਸ ਲਈ ਇਹ ਆਪਣੀ ਕਲਾਂ ਦਾ ਪ੍ਰਦਰਸ਼ਨ ਇਸ ਢੰਗ ਨਾਲ ਕਰਦੇ ਕਿ ਉਹ ਚੰਗੇ ਪੈਸੇ ਕਮਾ ਕੇ ਲੈ ਜਾਂਦੇ।

ਲੋਕਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਕੋਲ ਇੱਕ ਨਕਲੀ ਤਮਾਚਾ ਹੁੰਦਾ ਜੋ ਦੂਜੇ ਦੇ ਮਾਰਨ ਤੇ ਚੰਗੀ ਆਵਾਜ਼ ਪੈਦਾ ਕਰਦਾ ਅਤੇ ਲੋਕਾਂ ਨੂੰ ਦੂਜੇ ਭੰਡ ਨੂੰ ਮਾਰਨ ਦਾ ਭੁਲੇਖਾ ਪਾ ਦਿੰਦਾ। ਉਨ੍ਹਾਂ ਦੀ ਕਲਾ ਦੀਆਂ ਵੰਨਗੀਆਂ ਵੀ ਅਜੀਬ ਹੁੰਦੀਆਂ ਸਨ। ਉਹ ਆਪਣੀ ਦੂਹਰੀ ਗੱਲਬਾਤ ਰਾਹੀਂ ਹੀ ਲੋਕਾਂ ਨੂੰ ਹਸਾ ਹਸਾ ਕੇ ਆਪਣਾ ਮਨੋਰਥ ਪੂਰਾ ਕਰ ਲੈਂਦੇ। ਜਿਸ ਤਰ੍ਹਾਂ ਪਹਿਲਾ ਦੱਸਿਆ ਗਿਆ ਹੈ ਕਿ ਉਹ ਜ਼ਿਆਦਾਤਰ ਜਾਂਞੀਆਂ ਨੂੰ ਆਪਣੀਆਂ ਟਕੋਰਾਂ ਦਾ ਨਿਸ਼ਾਨਾ ਬਣਾਉਂਦੇ ਅਤੇ ਉਨ੍ਹਾਂ ਦੀਆਂ ਜੇਬਾਂ ਵਿੱਚੋਂ ਆਪਣੀ ਕਲਾ ਦੇ ਇਨਾਮ ਦੇ ਪੈਸੇ ਕਢਵਾਉਣ ਦਾ ਪੂਰਾ ਯਤਨ ਕਰਦੇ। ਜਿਵੇਂ ਇੱਕ ਭੰਡ ਦੂਜੇ ਨੂੰ ਕਹਿੰਦਾ, "ਦੇਖ ਭੰਡਾ, ਲਾੜੇ ਦਾ ਫੁੱਫੜ ਆਪਣੇ ਖੀਸੇ ਵਿੱਚੋਂ ਤੇਰੇ ਲਈ ਪੈਸੇ ਕੱਢਣ ਲੱਗਿਆ ਏ'' ਤਾਂ ਦੂਜਾ ਭੰਡ ਉਸ ਦੀ ਗੱਲ ਨੂੰ ਟੋਕਦਾ ਹੋਇਆ ਕਹਿੰਦਾ, "ਭੰਡਾ ਤੈਨੂੰ ਵਹਿਮ ਏ, ਲਾੜੇ ਦਾ ਫੁੱਫੜ ਤਾਂ ਬੱਖੀ ਵਿੱਚ ਖਾਜ ਕਰਨ ਲੱਗਿਆ ਏ।'' ਫਿਰ ਪਹਿਲਾਂ ਭੰਡ ਦੂਜੇ ਦੇ ਤਮਾਚਾ ਮਾਰ ਕੇ ਸਭ ਨੂੰ ਖੁਸ਼ ਕਰ ਦਿੰਦਾ। ਫੁੱਫੜ ਵੀ ਅੰਦਰ ਖਾਤੇ ਖੁਸ਼ ਹੁੰਦਾ ਅਤੇ ਪੰਜ-ਦਸ ਰੁਪੈ ਦੀ ਵੇਲ ਕਰਵਾ ਹੀ ਜਾਂਦਾ।

ਉਨ੍ਹਾਂ ਦਿਨਾਂ ਵਿੱਚ ਬਰਾਤੀ ਜੰਝ ਵਿੱਚ ਜਾ ਕੇ ਦਾਰੂ ਦੇ ਦੋ-ਚਾਰ ਘੁੱਟ ਲਗਾ ਹੀ ਲੈਂਦੇ ਸਨ ਤਾਂ ਡਿੱਗਦੇ-ਪੈਂਦੇ ਭੰਡਾਂ ਨੂੰ ਸੁਣਨ ਲਈ ਉਨ੍ਹਾਂ ਕੋਲ ਜਾ ਹੀ ਬੈਠਦੇ ਤਾਂ ਭੰਡ ਵੀ ਆਪਣੇ ਟੋਟਕੇ ਛੱਡਣ ਤੋਂ ਬਾਜ਼ ਨਾ ਆਉਂਦੇ। ਪਹਿਲਾ ਭੰਡ ਦੂਜੇ ਨੂੰ ਕਹਿੰਦਾ, "ਦੇਖ ਭੰਡਾ, ਲਾੜੇ ਦੇ ਮਾਮੇ ਦੀ ਪੱਗ ਦਾ ਤੁਰਲਾ ਕਿਵੇਂ ਟੇਢਾ ਹੋਇਆ ਪਿਆ ਏ'' ਤਾਂ ਦੂਜਾ ਭੰਡ ਵੀ ਉਸ ਦੀ ਗੱਲ ਨੂੰ ਤੁਰੰਤ ਬੋਚਦਾ ਹੋਇਆ ਕਹਿੰਦਾ, "ਭੰਡਾ, ਮਾਮੇ ਦਾ ਤੁਰਲਾ ਟੇਢਾ ਨਹੀਂ ਹੋਇਆ, ਮਾਮਾ ਤਾਂ ਆਪ ਹੀ ਟੇਢਾ ਹੋਇਆ ਪਿਆ ਏ।'' ਮਾਮਾ ਵੀ ਆਪਣੇ ਬਾਰੇ ਗੱਲ ਹੁੰਦੀ ਸੁਣ ਟੇਢਾ-ਟੇਢਾ ਤੁਰਦਾ ਭੰਡਾਂ ਨੂੰ ਇਨਾਮ ਦੇ ਹੀ ਜਾਂਦਾ। ਭੰਡ ਵੀ ਮਾਮੇ ਦੇ ਸਤਿਕਾਰ ਵਿੱਚ ਲੰਬੀ ਵੇਲ ਕਰਾਉਂਦੇ।

ਇਸ ਤਰ੍ਹਾਂ ਭੰਡ ਟੋਟਕੇ ਸੁਣਾਉਂਦੇ ਹੋਏ, ਜਾਂਞੀਆਂ ਦੀਆਂ ਜੇਬਾਂ ਹਲਕੀਆਂ ਕਰ ਦਿੰਦੇ। ਆਖਰ ਵਿੱਚ ਉਹ ਲਾੜੇ ਦੀ ਵਾਰੀ ਵੀ ਲਾ ਹੀ ਦਿੰਦੇ। ਲਾੜੇ ਨੂੰ ਦੇਖ ਪਹਿਲਾ ਭੰਡ ਕਹਿੰਦਾ, "ਦੇਖ ਭੰਡਾ ਅੱਜ ਲਾੜੇ ਦੀ ਬੜੀ ਟੌਹਰ ਏ। ਵਿਹਾਉਣ ਆਇਆ ਹੋਇਆ ਮਾਹਾਂ ਦੇ ਆਟੇ ਵਾਂਗੂ ਆਕੜਿਆ ਪਿਆ ਏ।'' ਦੂਜਾ ਭੰਡ ਵੀ ਪਹਿਲੇ ਦੀ ਗੱਲ ਨੂੰ ਕੱਟਦਾ ਹੋਇਆ ਕਹਿੰਦਾ, "ਭੰਡ, ਟੌਹਰ ਕਿਉਂ ਨਾ ਹੋਵੇ, ਅਗਲਾ, ਵਿਆਹ ਕਰਵਾਉਣ ਆਇਆ ਏ, ਸਾਰੇ ਪਿੰਡ ਦਾ ਜੁਆਈ ਬਣਿਆ ਬੈਠਾ ਏ, ਨਾਲੇ ਮਾਹਾਂ ਦੇ ਆਟੇ ਵਾਂਗੂ ਆਕੜੇ ਕਿਉਂ ਨਾ, ਤੂੰ ਵੀ ਤਾਂ ਤੇਰੇ ਵਿਆਹ ਨੂੰ ਇੱਦਾਂ ਹੀ ਆਕੜਿਆ ਹੋਇਆ ਸੀ, ਉਹ ਤਾਂ ਪਿੰਡ ਵਿੱਚ ਕੁੜੀਆਂ ਨੇ ਤੈਨੂੰ ਥਾਪੜ ਕੇ ਹੋਲਾ ਕੀਤਾ ਸੀ।'' ਸਾਰੇ ਲੋਕ ਖੂਬ ਹੱਸਦੇ। ਇਸ ਤਰ੍ਹਾਂ ਇਹ ਭੰਡ ਜਿੱਥੇ ਲੋਕਾਂ ਦਾ ਮਨੋਰੰਜਨ ਕਰਦੇ ਉੱਥੇ ਪੰਜਾਬੀ ਸੱਭਿਆਚਾਰ ਦੀ ਅਨੂਠੀ ਛਾਪ ਵੀ ਛੱਡ ਜਾਂਦੇ ਅਤੇ ਆਪਣੀ ਕਲਾ ਰਾਹੀਂ ਖੁਸ਼ੀਆਂ ਦੇ ਫੁੱਲ ਬਿਖੇਰ ਜਾਂਦੇ। ਜੋ ਅੱਜ ਤੱਕ ਨਹੀਂ ਭੁੱਲਦੇ।

ਸੰਪਰਕ: 98764-52223

ਲੋਕਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਕੋਲ ਇੱਕ ਨਕਲੀ ਤਮਾਚਾ ਹੁੰਦਾ ਜੋ ਦੂਜੇ ਦੇ ਮਾਰਨ ਤੇ ਚੰਗੀ ਆਵਾਜ਼ ਪੈਦਾ ਕਰਦਾ ਅਤੇ ਲੋਕਾਂ ਨੂੰ ਦੂਜੇ ਭੰਡ ਨੂੰ ਮਾਰਨ ਦਾ ਭੁਲੇਖਾ ਪਾ ਦਿੰਦਾ। ਉਨ੍ਹਾਂ ਦੀ ਕਲਾ ਦੀਆਂ ਵੰਨਗੀਆਂ ਵੀ ਅਜੀਬ ਹੁੰਦੀਆਂ ਸਨ। ਉਹ ਆਪਣੀ ਦੂਹਰੀ ਗੱਲਬਾਤ ਰਾਹੀਂ ਹੀ ਲੋਕਾਂ ਨੂੰ ਹਸਾ ਹਸਾ ਕੇ ਆਪਣਾ ਮਨੋਰਥ ਪੂਰਾ ਕਰ ਲੈਂਦੇ। ਜਿਸ ਤਰ੍ਹਾਂ ਪਹਿਲਾ ਦੱਸਿਆ ਗਿਆ ਹੈ ਕਿ ਉਹ ਜ਼ਿਆਦਾਤਰ ਜਾਂਞੀਆਂ ਨੂੰ ਆਪਣੀਆਂ ਟਕੋਰਾਂ ਦਾ ਨਿਸ਼ਾਨਾ ਬਣਾਉਂਦੇ ਅਤੇ ਉਨ੍ਹਾਂ ਦੀਆਂ ਜੇਬਾਂ ਵਿੱਚੋਂ ਆਪਣੀ ਕਲਾ ਦੇ ਇਨਾਮ ਦੇ ਪੈਸੇ ਕਢਵਾਉਣ ਦਾ ਪੂਰਾ ਯਤਨ ਕਰਦੇ। ਜਿਵੇਂ ਇੱਕ ਭੰਡ ਦੂਜੇ ਨੂੰ ਕਹਿੰਦਾ, "ਦੇਖ ਭੰਡਾ, ਲਾੜੇ ਦਾ ਫੁੱਫੜ ਆਪਣੇ ਖੀਸੇ ਵਿੱਚੋਂ ਤੇਰੇ ਲਈ ਪੈਸੇ ਕੱਢਣ ਲੱਗਿਆ ਏ'' ਤਾਂ ਦੂਜਾ ਭੰਡ ਉਸ ਦੀ ਗੱਲ ਨੂੰ ਟੋਕਦਾ ਹੋਇਆ ਕਹਿੰਦਾ, "ਭੰਡਾ ਤੈਨੂੰ ਵਹਿਮ ਏ, ਲਾੜੇ ਦਾ ਫੁੱਫੜ ਤਾਂ ਬੱਖੀ ਵਿੱਚ ਖਾਜ ਕਰਨ ਲੱਗਿਆ ਏ।'' ਫਿਰ ਪਹਿਲਾਂ ਭੰਡ ਦੂਜੇ ਦੇ ਤਮਾਚਾ ਮਾਰ ਕੇ ਸਭ ਨੂੰ ਖੁਸ਼ ਕਰ ਦਿੰਦਾ। ਫੁੱਫੜ ਵੀ ਅੰਦਰ ਖਾਤੇ ਖੁਸ਼ ਹੁੰਦਾ ਅਤੇ ਪੰਜ-ਦਸ ਰੁਪੈ ਦੀ ਵੇਲ ਕਰਵਾ ਹੀ ਜਾਂਦਾ।

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142





CHANDIGARH DRIVING SCHOOL
Don't Learn Safety by Accident
- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !



# ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਯੂਕੇ ਵੱਲੋਂ ਸਾਲਾਨਾ ਸਾਹਿਤਕ ਅਤੇ ਇਨਾਮ ਵੰਡ ਸਮਾਗਮ ਕਰਵਾਇਆ

## ਦੀਦਾਰ ਸਿੰਘ ਪ੍ਰਦੇਸੀ, ਚੰਨੀ ਸਿੰਘ ਓ.ਬੀ.ਈ., ਸ਼ਿਵਚਰਨ ਜੱਗੀ ਕੁੱਸਾ ਤੇ ਅਮਰ ਜਯੋਤੀ ਸਨਮਾਨਿਤ



ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਮਿਨੀ ਪੰਜਾਬ ਵਜੋਂ ਜਾਣੇ ਜਾਂਦੇ ਸਾਊਥਾਲ ਵਿਖੇ ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਯੂਕੇ ਵੱਲੋਂ ਸਲਾਨਾ ਸਾਹਿਤਕ ਅਤੇ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਹਰ ਸਾਲ ਪੰਜਾਬੀ ਦੇ ਉੱਘੇ ਕਵੀ, ਨਾਵਲਕਾਰ ਅਤੇ ਕਹਾਣੀਕਾਰ ਬਾਪੂ ਸਿ਼ਵਚਰਨ ਸਿੰਘ ਗਿੱਲ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਸ ਸਮਾਗਮ ਨੂੰ ਕਰਵਾਉਣ ਦਾ ਸਿਹਰਾ ਉਨ੍ਹਾਂ ਦੀ ਬੇਟੀ ਸਿ਼ਵਦੀਪ ਕੌਰ ਢੇਸੀ ਅਤੇ ਉਨ੍ਹਾਂ ਦੇ ਮਾਤਾ ਸ੍ਰੀਮਤੀ ਧਨਿੰਦਰ ਕੌਰ ਜੀ ਨੂੰ ਜਾਂਦਾ ਹੈ ਜੋ ਪਰਿਵਾਰ ਦੀ ਸਹਾਇਤਾ ਨਾਲ ਇਹ ਉੱਦਮ ਕਰਦੇ ਹਨ। ਇਸ ਬਹੁਤ ਹੀ ਸ਼ਾਨਦਾਰ ਪ੍ਰੋਗਰਾਮ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਿਵਦੀਪ ਕੌਰ ਢੇਸੀ ਵੱਲੋਂ ਦੂਰ ਦੁਰਾਡੇ ਤੋਂ ਪਹੁੰਚੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਹਿਣ ਨਾਲ ਹੋਈ। ਚਾਹ ਪਾਣੀ ਦੀ ਸੇਵਾ ਉਪਰੰਤ ਪਹਿਲੇ ਭਾਗ ਵਿੱਚ ਆਪਣੇ ਆਪਣੇ ਖੇਤਰ ਵਿੱਚ ਵਧੀਆ ਕਾਰਗੁਜਾਰੀ ਦਿਖਾਉਣ ਵਾਲਿਆਂ ਵਿੱਚੋਂ ਕੁਝ ਸਖਸੀਅਤਾਂ ਨੂੰ ਸਨਮਾਨ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਪਹਿਲੇ ਭਾਗ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਅਮਰਜੋਯਤੀ, ਅਮਨਦੀਪ ਸਿੰਘ (ਗਲਾਸਗੋ), ਜਸਵਿੰਦਰ ਰੱਤੀਆਂ, ਮਹਿੰਦਰਪਾਲ ਧਾਲੀਵਾਲ ਅਤੇ ਸਿ਼ਵਦੀਪ ਕੌਰ ਢੇਸੀ ਬੈਠੇ। ਇਸ ਸਮਾਗਮ ਵਿੱਚ ਸਕਾਟਲੈਂਡ ਤੋਂ ਪ੍ਰਸਾਰਿਤ ਹੁੰਦੇ ਯੂਕੇ ਦੇ ਹੁਣ ਤੱਕ ਦੇ ਪਹਿਲੇ ਪੰਜਾਬੀ ਈਪੇਪਰ 'ਪੰਜ ਦਰਿਆ' ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਦੇ ਸਪੁੱਤਰ ਹਿੰਮਤ ਖੁਰਮੀ ਨੂੰ ਛੋਟੀ ਉਮਰ ਵਿੱਚ ਪੰਜਾਬੀ ਮਾਂ ਬੋਲੀ ਲਈ ਗਾਏ ਗੀਤ ਕਰਕੇ ਸਨਮਾਨ ਦੇਣ ਲਈ ਸੱਦਾ ਦਿੱਤਾ ਗਿਆ ਅਤੇ ਹਿੰਮਤ ਖੁਰਮੀ ਬਾਰੇ ਆਪਣੇ ਦਿਲ ਦੇ ਵਲਵਲੇ ਸ਼ਿਵਚਰਨ ਜੱਗੀ ਕੁੱਸਾ ਨੇ ਪ੍ਰਗਟ ਕਰਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਤੇ ਨੀਲਮ ਖੁਰਮੀ ਨੂੰ ਸ਼ਾਬਾਸ਼ ਦਿੱਤੀ ਜਿਹਨਾਂ ਨੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਦੇ ਲੜ ਲਾਈ ਰੱਖਣ ਲਈ ਹਰ ਸਾਹ ਅਰਪਣ ਕੀਤਾ ਹੋਇਆ ਹੈ। ਨਾਵਲਕਾਰੀ ਦੇ ਖੇਤਰ ਵਿੱਚ ਬੁਲੰਦੀਆਂ ਹਾਸਲ ਕਰਨ ਵਾਲੇ ਨਾਵਲਕਾਰ ਸਿ਼ਵਚਰਨ ਜੱਗੀ ਕੁੱਸਾ ਨੂੰ ਸਨਮਾਨ ਲਈ ਬੁਲਾਵਾ ਦੇਣ ਉਪਰੰਤ ਮਨਦੀਪ ਖੁਰਮੀ ਹਿੰਮਤਪੁਰਾ ਨੇ ਆਪਣੀ ਜਿ਼ੰਦਗੀ ਵਿੱਚ ਸ਼ਿਵਚਰਨ ਸਿੰਘ ਗਿੱਲ ਅਤੇ ਸ਼ਿਵਚਰਨ ਜੱਗੀ ਕੁੱਸਾ ਦੀਆਂ ਸਿੱਖਿਆਵਾਂ ਨੂੰ ਬਾਖੂਬੀ ਚਿਤਰਣ ਕੀਤਾ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਦੀਦਾਰ ਸਿੰਘ ਪ੍ਰਦੇਸੀ ਜੀ ਅਤੇ ਗਾਡਫਾਦਰ ਆਫ ਭੰਗੜਾ ਵਜੋਂ ਜਾਣੇ ਜਾਂਦੇ ਚੰਨੀ ਸਿੰਘ ਓ ਬੀ ਈ ਨੂੰ ਪੰਜਾਬੀ ਸੰਗੀਤ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਲਈ ਸਨਮਾਨ ਪੱਤਰਾਂ ਨਾਲ ਸਨਮਾਨਿਤ ਕੀਤ ਗਿਆ।

ਦੂਸਰੇ ਭਾਗ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਸੁਨੀਲ ਸਜਲ, ਰੂਪ ਦਵਿੰਦਰ ਨਾਹਿਲ, ਤਲਵਿੰਦਰ ਢਿੱਲੋਂ, ਪੰਜਾਬੀ ਲੋਕ ਗਾਇਕਾ ਮਹਿੰਦਰ ਕੌਰ ਭੰਵਰਾ ਅਤੇ ਮਨਜੀਤ ਕੌਰ ਪੱਡਾ ਸਾਮਿਲ ਸਨ। ਕਵੀ ਦਰਬਾਰ ਵਿੱਚ ਭਾਗ ਲੈਣ ਵਾਲਿਆਂ ਵਿੱਚ ਅਮਨਦੀਪ ਸਿੰਘ (ਗਲਾਸਗੋ), ਕਿੱਟੀ ਬੱਲ, ਗੁਰਮੇਲ ਕੌਰ ਸੰਘਾ, ਰੂਪ ਦਵਿੰਦਰ ਨਾਹਿਲ, ਮਨਜੀਤ ਪੱਡਾ, ਭਿੰਦਰ ਜਲਾਲਾਬਾਦੀ, ਡਾ. ਅਮਰ ਜੋਯਤੀ, ਦੀਦਾਰ ਸਿੰਘ ਪ੍ਰਦੇਸੀ, ਰਾਜਿੰਦਰ ਕੌਰ, ਨਛੱਤਰ ਭੋਗਲ, ਨਰਿੰਦਰਪਾਲ ਕੌਰ, ਮਨਪ੍ਰੀਤ ਸਿੰਘ ਬੱਧਨੀਕਲਾਂ, ਮਹਿੰਦਰ ਕੌਰ ਮਿੱਢਾ, ਸਗੁਫਤਾ ਗਿੰਮੀ ਲੋਧੀ, ਬੀਰ ਵਰਿੰਦਰ ਬੁੱਟਰ, ਗੁਰਜੋਤ ਕੌਰ ਅਤੇ ਮਹਿੰਦਰ ਕੌਰ ਭੰਵਰਾ ਸਾਮਿਲ ਹੋਏ।

ਉੱਘੇ ਕਲਾਕਾਰ, ਲੇਖਕ ਅਤੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲਿਆਂ ਸਮੇਤ ਕੁਝ ਧਾਰਮਿਕ, ਰਾਜਨੀਤਕ ਅਤੇ ਲੋਕ ਭਲਾਈ ਦੇ ਕੰਮ ਕਰਨ ਵਾਲੀਆਂ ਉੱਘੀਆਂ ਸਖਸ਼ੀਅਤਾਂ ਨੇ ਵੀ ਸ਼ਾਮੂਲੀਅਤ ਕੀਤੀ। ਜਿਨ੍ਹਾਂ ਵਿੱਚ ਸਾਊਥਾਲ ਤੋਂ ਐਮ ਪੀ ਵੀਰੇਂਦਰ ਸ਼ਰਮਾ ਅਤੇ ਉਨ੍ਹਾਂ ਦੀ ਧਰਮ ਪਤਨੀ, ਈਲਿੰਗ ਕੌਂਸਲ ਤੋਂ ਮੇਅਰ ਸ੍ਰੀਮਤੀ ਮਹਿੰਦਰ ਕੌਰ ਮਿੱਢਾ, ਐਮ ਪੀ ਫੈਲਥਮ ਹੈਸਟਨ ਸੀਮਾ ਮਲਹੋਤਰਾ, ਰਘਵਿੰਦਰ ਸਿੰਘ ਸਿੱਧੂ (ਮੇਅਰ ਹੰਸਲੋ ਕੌਂਸਲ) ਅਤੇ ਓਂਕਾਰ ਸਹੋਤਾ (ਮੈਂਬਰ ਲੰਡਨ ਅਸੈਂਬਲੀ) ਖਾਸ ਤੌਰ 'ਤੇ ਪਹੁੰਚੇ। ਸਮਾਗਮ ਵਿੱਚ ਸਿ਼ਰਕਤ ਕਰਨ ਵਾਲਿਆਂ ਵਿੱਚ ਸਾਹਿਤਕਾਰ ਡਾ: ਤਾਰਾ ਸਿੰਘ ਆਲਮ, ਭੰਗੜਾ ਕਿੰਗ ਪੰਜਾਬੀ ਗਾਇਕ ਪ੍ਰੇਮੀ ਜੌਹਲ, ਗਾਇਕ ਰਾਜ ਸੇਖੋਂ, ਸੁਰਿੰਦਰ ਕੌਰ-ਚੇਅਰ ਪਰਸਨ ਵੋਇਸ ਆਫ ਵਿਮੈਨ, ਯਸ ਸਾਥੀ ਜੀ, ਅਸ਼ਵਿੰਦਰ ਸਿੰਘ ਦਿਓਲ ਅਤੇ ਪਰਿਵਾਰ, ਰਘਬੀਰ ਸਿੰਘ, ਭਜਨ ਧਾਲੀਵਾਲ, ਮਨਜੀਤ ਸਿੰਘ ਸ਼ਾਲਾਪੁਰੀ (ਆਪ ਆਗੂ ਯੂਕੇ) ਸਮੇਤ ਬਹੁਤ ਸਾਰੇ ਪਤਵੰਤੇ ਸੱਜਣ ਪਹੁੰਚੇ। ਚਾਹ ਪਾਣੀ ਦੀ ਸੇਵਾ ਵਿੱਚ ਹੱਥ ਵਟਾਉਣ ਵਾਲਿਆਂ ਵਿੱਚ ਅਮਰਜੀਤ ਰੰਧਾਵਾ, ਕੁਲਵਿੰਦਰ ਕੌਰ ਬੱਚੂ, ਲਖਵਿੰਦਰ ਕੌਰ ਸਰਾਏ, ਨਰਿੰਦਰ ਕੌਰ ਖੋਸਾ, ਜਸਵੀਰ ਸਿੱਧੂ, ਪੰਮੀ ਚੀਮਾ, ਸੁਰਿੰਦਰ ਕੌਰ ਤੂਰ ਕੈਂਥ, ਸਤਨਾਮ ਕੌਰ ਢੀਂਡਸਾ, ਮਨਪ੍ਰੀਤ ਕੌਰ ਦਿਓਲ, ਦਲਜਿੰਦਰ ਬੁੱਟਰ, ਗੁਰਪ੍ਰਤਾਪ ਸਿੰਘ, ਭਿੰਦਰ ਆਦਿ ਦੇ ਨਾਂ ਖਾਸ ਹਨ।




# 22 ਸਾਲਾਂ ਤੋਂ ਲਾਪਤਾ ਮੰਦਬੁੱਧੀ ਪਰਮਿਲਾ ਦਾ ਪਰਿਵਾਰ ਨੂੰ ਮਿਲਕੇ ਰੋ-ਰੋ ਹੋਇਆ ਬੁਰਾ ਹਾਲ



ਇਹ ਪਰਮਿਲਾ ਨਾਂ ਦੀ ਮੰਦ-ਬੁੱਧੀ ਔਰਤ ਅੱਜ ਤੋਂ 22 ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫਰੂਖਾਬਾਦ 'ਚ ਪੈਂਦੇ ਆਪਣੇ ਸਹੁਰਾ ਪਿੰਡ ਬਿਲਹਾ ਤੋਂ ਗੁੰਮ ਹੋ ਗਈ ਸੀ। ਉਸ ਤੋਂ ਕਈ ਸਾਲ ਬਾਅਦ ਪਤਾ ਨੀ ਕਿੱਥੇ ਭਟਕਦੀ ਰਹੀ। ਫਿਰ 12 ਦਸੰਬਰ 2017 ਨੂੰ ਕੁੱਝ ਵਿਆਕਤੀਆਂ ਨੇ ਇਸ ਨੂੰ ਕੜੱਕਦੀ ਦੀ ਸਰਦੀ 'ਚ ਲੁਧਿਆਣਾ ਸ਼ਹਿਰ ਵਿੱਚ ਸੜਕ ਕਿਨਾਰੇ ਅਰਧ-ਨਗਨ ਹਾਲਤ ਵਿੱਚ ਦੇਖਿਆ। ਉਹਨਾਂ ਦਇਆਵਾਨ ਵਿਆਕਤੀਆਂ ਨੇ ਤਰਸ ਖਾ ਕੇ ਇਸਨੂੰ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਪਹੁੰਚਾ ਦਿੱਤਾ।

ਆਸ਼ਰਮ ਵਿੱਚ ਲੁਧਿਆਣਾ ਦੇ ਮਸ਼ਹੂਰ ਸਾਇਕੈਟਰਿਸਟ ਡਾ. ਆਰ. ਐਲ. ਨਾਰੰਗ ਵਲੋਂ ਲਗਾਤਾਰ ਪੰਜ ਸਾਲ ਇਸਦਾ ਇਲਾਜ ਕੀਤਾ ਗਿਆ ਜਿਸ ਨਾਲ ਇਸ ਦੀ ਯਾਦਾਸ਼ਤ ਵਾਪਿਸ ਆ ਗਈ। ਇਸਨੇ ਆਪਣੇ ਪਤੀ ਦਾ ਨਾਮ ਮਹਾਂਵੀਰ, ਪਿੰਡ ਬਿਲਹਾ ਅਤੇ ਨਜ਼ਦੀਕ ਪੈਂਦੇ ਕਸਬੇ ਕੰਪਲ ਬਾਰੇ ਦੱਸਿਆ। ਜਿਸ ਉਪਰੰਤ ਆਸ਼ਰਮ ਦੇ ਸਟਾਫ ਨੇ ਕੰਪਲ (ਯੂ.ਪੀ.) ਦੇ ਪੁਲਿਸ ਸਟੇਸ਼ਨ ਨਾਲ ਸੰਪਰਕ ਕਰਕੇ ਇਸਦੇ ਪਰਿਵਾਰ ਨੂੰ ਪਰਮਿਲਾ ਦੇ ਸਰਾਭਾ ਆਸ਼ਰਮ ਵਿੱਚ ਹੋਣ ਬਾਰੇ ਜਾਣਕਾਰੀ ਦਿੱਤੀ ਗਈ। ਇਸਦੀਆਂ ਚਾਰ ਬੇਟੀਆਂ ਹਨ। ਜਦੋਂ 22 ਸਾਲ ਪਹਿਲਾਂ ਇਹ ਘਰ ਤੋਂ ਨਿਕਲੀ ਸੀ ਤਾਂ ਇਸਦੀ ਛੋਟੀ ਬੇਟੀ ਸਿਰ਼ਫ ਇੱਕ ਮਹੀਨੇ ਦੀ ਸੀ ਜੋ ਕਿ ਅੱਜ ਵਿਆਹੀ ਹੋਈ ਹੈ। ਪਰਮਿਲਾ ਦੀ ਗੈਰਹਾਜਰੀ ਵਿੱਚ ਹੀ ਚਾਰੇ ਬੇਟੀਆਂ ਦੇ ਵਿਆਹ ਹੋਏ। ਪਰਮਿਲਾ ਦੇ ਪਰਿਵਾਰ ਨੂੰ ਇਸ ਦੇ ਜ਼ਿੰਦਾ ਹੋਣ ਦੀ ਕੋਈ ਉਮੀਦ ਨਹੀਂ ਸੀ। ਜਦੋਂ 19 ਮਾਰਚ 2023 ਨੂੰ ਇਸਦੇ ਪਤੀ ਮਹਾਂਵੀਰ, ਦੋ ਬੇਟੀਆਂ (ਮਮਤਾ ਤੇ ਪੂਜਾ), ਤਿੰਨ ਦਮਾਦ (ਪੰਕਜ, ਮਨੋਜ ਅਤੇ ਟੀਟੂ) ਜਦੋਂ ਆਸ਼ਰਮ ਵਿੱਚ ਇਸ ਨੂੰ ਲੈਣ ਆਏ ਤਾਂ ਪਰਮਿਲਾ ਅਤੇ ਪਰਿਵਾਰ ਦਾ ਆਪਸ 'ਚ ਮਿਲਕੇ ਰੋ-ਰੋ ਕੇ ਇਤਨਾਂ ਬੁਰਾ ਹਾਲ ਹੋ ਗਿਆ ਕਿ ਦੇਖਿਆ ਨਹੀਂ ਸੀ ਜਾਂਦਾ। ਦੇਖਣ ਵਾਲੇ ਖ਼ੁਦ ਵੀ ਭਾਵੁਕ ਹੋ ਗਏ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਸਿਰਫ਼ ਪਰਮਿਲਾ ਹੀ ਨਹੀਂ ਸਗੋਂ ਘਰਾਂ ਤੋਂ ਲਾਪਤਾ ਹੋਏ ਬਹੁਤ ਸਾਰੇ ਹੋਰ ਮੰਦਬੁੱਧੀ ਮਰੀਜ਼ਾਂ ਨੂੰ ਆਸ਼ਰਮ ਵੱਲੋਂ ਉਹਨਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਹੈ। ਆਸ਼ਰਮ ਵਿੱਚ ਰਹਿ ਰਹੇ 200 (ਦੋ ਸੌ) ਦੇ ਕਰੀਬ ਲਵਾਰਸ, ਬੇਘਰ, ਮੰਦਬੁੱਧੀ, ਅਪਾਹਜ, ਨੇਤਰਹੀਣਾਂ ਦੀ ਇਹ ਅਨੋਖੀ ਹੀ ਦੁਨੀਆਂ ਹੈ ਜਿਸਦਾ ਗਮਗੀਨ ਮਾਹੌਲ ਆਮ ਦੁਨੀਆਂ ਨਾਲੋਂ ਬਿਲਕੁੱਲ ਵੱਖਰਾ ਹੀ ਹੈ। ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ: 95018-42505; ਡਾ. ਨੌਰੰਗ ਸਿੰਘ ਮਾਂਗਟ: 95018-42506.












# ਵਿਸ਼ਵ ਪੁਸਤਕ ਮੇਲੇ ਨੇ ਭਾਰਤ ਦਾ ਮਾਣ ਵਧਾਇਆ

ਪ੍ਰੋ. ਕੁਲਬੀਰ ਸਿੰਘ

ਮੁੱਦਤ ਹੋ ਗਈ ਸੀ ਟੈਲੀਵਿਜ਼ਨ ਤੇ ਕਿਤਾਬਾਂ ਸਬੰਧੀ ਕੋਈ ਪ੍ਰਸਾਰਨ ਵੇਖਿਆ। ਛੇ ਮਾਰਚ ਨੂੰ ਦੁਪਹਿਰ ਸਮੇਂ ਟੈਲੀਵਿਜ਼ਨ ਲਗਾਇਆ ਤਾਂ ਰਿਮੋਟ ਸੰਸਦ ਟੀ.ਵੀ. ਤੇ ਰੋਕ ਕੇ ਲਾਂਭੇ ਧਰ ਦਿੱਤਾ। ਵਿਸ਼ਵ ਪੁਸਤਕ ਮੇਲੇ ਤੇ ਵਿਸਥਾਰਤ ਵਿਸ਼ੇਸ਼ ਰਿਪੋਰਟ ਪ੍ਰਸਾਰਿਤ ਕੀਤੀ ਜਾ ਰਹੀ ਸੀ। ਮਨ ਤਾਂ ਹੁੰਦਾ ਹੈ ਦਿੱਲੀ ਜਾ ਕੇ ਵੇਖਣ ਦਾ ਪਰ ਅਕਸਰ ਘੌਲ ਹੋ ਜਾਂਦੀ ਹੈ। ਫੇਸਬੁੱਕ ਤੇ ਕੁਝ ਲੋਕ ਟਿੱਪਣੀਆਂ ਸਮੇਤ ਤਸਵੀਰਾਂ ਪਾਉਂਦੇ ਹਨ ਜਾਂ ਵਿਰਲੀ ਟਾਵੀਂ ਅਖ਼ਬਾਰਾਂ ਵਿਚ ਰਿਪੋਰਟ ਲੱਗੀ ਹੁੰਦੀ ਹੈ।

ਸੰਸਦ ਟੀ.ਵੀ. ਦੁਆਰਾ ਪ੍ਰਸਾਰਿਤ ਕੀਤੀ ਗਈ ਰਿਪੋਰਟ ਨੇ ਵਿਸ਼ਵ ਪੁਸਤਕ ਮੇਲੇ ਦੇ ਕਈ ਪਹਿਲੂਆਂ ਤੇ ਰੌਸ਼ਨੀ ਪਾਉਣ ਦੇ ਨਾਲ ਨਾਲ ਲੰਮਾ ਚੌੜਾ ਫ਼ਿਲਮਾਂਕਣ ਵੀ ਪੇਸ਼ ਕੀਤਾ। ਉਸੇ ਫ਼ਿਲਮਾਂਕਣ ਕਾਰਨ ਮੇਰੀ ਦਿਲਚਸਪੀ ਬਣ ਗਈ। ਹਾਲਾਂ ਕਿ ਵਿਸ਼ੇਸ਼ ਰਿਪੋਰਟ ਵਿਚ ਨਾ ਗਹਿਰਾਈ ਸੀ ਅਤੇ ਨਾ ਗੰਭੀਰਤਾ ਅਤੇ ਨਾ ਹੀ ਕਿਸੇ ਵੱਡੀ ਸਾਹਿਤਕ ਸਖਸੀਅਤ ਨਾਲ ਮੇਲੇ ਸਬੰਧੀ ਗੱਲਬਾਤ ਕੀਤੀ ਗਈ।

ਇਹ ਮੇਲਾ ਲੱਗਦਿਆਂ 50 ਸਾਲ ਹੋ ਗਏ ਹਨ। ਇਸ ਵਾਰ ਇਹ 31ਵਾਂ ਪੁਸਤਕ ਮੇਲਾ 25 ਫਰਵਰੀ ਤੋਂ 5 ਮਾਰਚ ਤੱਕ ਲੱਗਾ। ਪ੍ਰਗਤੀ ਮੈਦਾਨ ਦੇ ਨਵੇਂ ਬਣੇ ਹਾਲ ਵਿਚ ਜਿਧਰ ਨਜ਼ਰ ਮਾਰੋ ਦ੍ਰਿਸ਼ ਬੜਾ ਦਿਲਚਸਪ ਤੇ ਆਕਰਸ਼ਕ ਸੀ। ਕੈਮਰੇ ਨੇ ਕੋਈ ਕੋਨਾ ਨਹੀਂ ਛੱਡਿਆ। ਨੈਸ਼ਨਲ ਬੁੱਕ ਟਰੱਸਟ ਵੱਲੋਂ ਭਾਰਤ ਸਰਕਾਰ ਦੇ ਸਿੱਖਿਆ ਮਹਿਕਮੇ ਦੇ ਭਰਪੂਰ ਸਹਿਯੋਗ ਨਾਲ ਕਰਵਾਏ ਇਸ ਪੁਸਤਕ ਮੇਲੇ ਨੂੰ ਮਿਆਰੀ ਤੇ ਵਿਸ਼ਵ-ਪੱਧਰੀ ਬਨਾਉਣ ਪੱਖੋਂ ਕੋਈ ਕਸਰ ਨਹੀਂ ਛੱਡੀ ਗਈ। ਪਰੰਤੂ ਕਵਰੇਜ ਪੱਖੋਂ ਭਾਰਤੀ ਮੀਡੀਆ ਨੇ ਉਹ ਧਿਆਨ, ਉਹ ਸਥਾਨ ਇਸਨੂੰ ਨਹੀਂ ਦਿੱਤਾ ਜਿਸਦਾ ਇਹ ਮੇਲਾ ਹੱਕਦਾਰ ਸੀ।

ਇਸ ਵਾਰ 10 ਲੱਖ ਦੇ ਕਰੀਬ ਲੋਕ ਇਸ ਮੇਲੇ ਵਿਚ ਪਹੁੰਚੇ। ਆਖਰੀ ਦਿਨ ਤਾਂ ਜਿਵੇਂ ਪੁਸਤਕ-ਪ੍ਰੇਮੀਆਂ ਦਾ ਹੜ੍ਹ ਹੀ ਆ ਗਿਆ। ਸੋਸ਼ਲ ਮੀਡੀਆ ਦੇ ਚਰਚਿਤ ਹੋਣ ਅਤੇ ਸਮਾਰਟ ਫੋਨ ਤੇ ਰੁੱਝੇ ਰਹਿਣ ਕਾਰਨ ਅਕਸਰ ਇਹ ਚਿੰਤਾ ਵਿਅਕਤ ਕੀਤੀ ਜਾਂਦੀ ਹੈ ਕਿ ਪੁਸਤਕਾਂ ਪੜ੍ਹਨ ਦਾ ਰੁਝਾਨ ਦਿਨੋ ਦਿਨ ਘੱਟਦਾ ਜਾ ਰਿਹਾ ਹੈ। ਵਿਸ਼ੇਸ਼ ਕਰਕੇ ਨੌਜਵਾਨ ਕਿਤਾਬਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਪਰੰਤੂ 25 ਫਰਵਰੀ ਤੋਂ 5 ਮਾਰਚ ਤੱਕ ਚੱਲੇ ਇਸ ਪੁਸਤਕ ਮੇਲੇ ਨੇ ਉਪਰੋਕਤ ਸਾਰੇ ਸ਼ੰਕੇ ਗ਼ਲਤ ਸਾਬਤ ਕਰ ਦਿੱਤੇ ਹਨ ਕਿਉਂਕਿ 10 ਲੱਖ ਲੋਕਾਂ ਵਿਚੋਂ ਵਧੇਰੇ ਗਿਣਤੀ ਨੌਜਵਾਨ ਵਰਗ ਦੀ ਸੀ।

ਇਸ ਪੁਸਤਕ ਮੇਲੇ ਵਿਚ ਜੀ-20 ਦੇਸ਼ਾਂ ਸਮੇਤ 30 ਤੋਂ ਵੱਧ ਮੁਲਕਾਂ ਨੇ ਸ਼ਮੂਲੀਅਤ ਕੀਤੀ। ਸ਼ਾਮਲ ਦੇਸ਼ਾਂ ਦੀ ਦਿਲਚਸਪੀ ਤੇ ਉਤਸ਼ਾਹ ਵੇਖਣ ਵਾਲਾ ਸੀ। ਫ਼ਰਾਂਸ ਵਰਗੇ ਮੁਲਕਾਂ ਨੇ ਵੱਡੀਆਂ ਟੀਮਾਂ ਮੇਲੇ ਵਿਚ ਭੇਜੀਆਂ।

ਕਿਤਾਬਾਂ ਦੀ ਵਿਕਰੀ ਦੇ ਨਾਲ ਨਾਲ ਸਾਹਿਤ, ਭਾਸ਼ਾ, ਪ੍ਰਕਾਸ਼ਨ, ਅਨੁਵਾਦ ਜਿਹੇ ਵਿਸ਼ਿਆਂ ਤੇ ਗੰਭੀਰ ਚਰਚਾ ਦੇ ਅਨੇਕ ਦੌਰ ਚੱਲੇ। ਨੈਸ਼ਨਲ ਬੁੱਕ ਟਰੱਸਟ ਵੱਲੋਂ 250 ਤੋਂ ਵੱਧ ਕਿਤਾਬਾਂ ਰਲੀਜ਼ ਕੀਤੀਆਂ ਗਈਆਂ। ਕਿਤਾਬਾਂ ਦੇ 2000 ਤੋਂ ਵਧੇਰੇ ਸਟਾਲ ਲੱਗੇ ਹੋਏ ਸਨ ਅਤੇ ਵਿਕਰੀ ਦੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ ਪ੍ਰਬੰਧਕ ਇਸਤੋਂ ਡਾਹਢੇ ਖੁਸ਼ ਸਨ।

2021-22 ਵਿਚ ਕੋਰੋਨਾ ਕਾਰਨ ਪੁਸਤਕ ਮੇਲਾ ਨਹੀਂ ਹੋ ਸਕਿਆ। ਹੁਣ ਜਦ 2023 ਵਿਚ ਹੋਇਆ ਤਾਂ ਲੋਕਾਂ ਦਾ ਉਤਸ਼ਾਹ ਵੀ ਦੁਗਣਾ ਤਿਗਣਾ ਹੋ ਗਿਆ। ਕਲਕੱਤਾ ਪੁਸਤਕ ਮੇਲੇ ਤੋਂ ਬਾਅਦ ਇਹ ਦੂਸਰਾ ਸੱਭ ਤੋਂ ਪੁਰਾਣਾ ਪੁਸਤਕ ਮੇਲਾ ਹੈ। ਇਸਦੀ ਸ਼ੁਰੂਆਤ 1972 ਵਿਚ ਹੋਈ ਸੀ। 2012 ਤੱਕ ਇਹ ਦੋ ਸਾਲਾਂ ਬਾਅਦ ਹੁੰਦਾ ਸੀ। ਉਸਤੋਂ ਬਾਅਦ ਹਰੇਕ ਸਾਲ ਹੋਣ ਲੱਗਾ।

ਸੰਸਦ ਟੀ.ਵੀ. ਦੁਆਰਾ ਪ੍ਰਸਾਰਿਤ ਕੀਤੀ ਗਈ ਵਿਸ਼ੇਸ਼ ਰਿਪੋਰਟ ਵਿਚ ਇਸਦੀ ਵੰਨਸੁਵੰਨਤਾ ਅਤੇ ਇਸਦੇ ਮਹੱਤਵ ਤੇ ਰੌਸ਼ਨੀ ਪਾਈ ਗਈ। ਦੱਸਿਆ ਗਿਆ ਕਿ ਸ਼ਾਇਦ ਹੀ ਅਜਿਹਾ ਕੋਈ ਵਿਸ਼ਾ ਹੋਵੇ ਜਿਸ ਨਾਲ ਸਬੰਧਤ ਪੁਸਤਕਾਂ ਮੇਲੇ ਵਿਚ ਨਾ ਹੋਣ। ਇਹ ਵਿਸ਼ਵ ਪੁਸਤਕ ਮੇਲਾ ਨੈਸ਼ਨਲ ਬੁੱਕ ਟਰੱਸਟ ਅਤੇ ਭਾਰਤ ਸਰਕਾਰ ਦੇ ਸਬੰਧਤ ਮਹਿਕਮਿਆਂ ਦੀ ਵੱਡੀ ਵਿਸ਼ੇਸ਼ ਪ੍ਰਾਪਤੀ ਮੰਨਿਆ ਜਾ ਰਿਹਾ ਹੈ।

ਸਿਆਣੇ ਕਹਿੰਦੇ ਹਨ ਪੁਸਤਕਾਂ ਮਨੁੱਖ ਦੀਆਂ ਸੱਭ ਤੋਂ ਵਧੀਆ ਮਿੱਤਰ ਹੁੰਦੀਆਂ ਹਨ। ਜੀਵਨੀਆਂ, ਸਵੈ-ਜੀਵਨੀਆਂ ਅਤੇ ਸਫ਼ਰਨਾਮੇ ਦੇਸ਼-ਦੁਨੀਆਂ ਨੂੰ ਸਮਝਣ ਮਾਨਣ ਦਾ ਬਿਹਤਰੀਨ ਮਾਧਿਅਮ ਮੰਨੇ ਜਾਂਦੇ ਹਨ। ਗੰਭੀਰ ਪਾਠਕਾਂ ਲਈ ਅਜਿਹੇ ਪੁਸਤਕ ਮੇਲੇ ਵਰਦਾਨ ਸਿੱਧ ਹੁੰਦੇ ਹਨ। ਅਜਿਹੇ ਪਾਠਕ ਵੀ ਹਨ ਜਿਹੜੇ 25 ਫਰਵਰੀ ਤੋਂ 5 ਮਾਰਚ ਤੱਕ ਹਰ ਰੋਜ਼ ਮੇਲੇ ਵਿਚ ਜਾਂਦੇ ਰਹੇ ਅਤੇ ਆਪਣੀਆਂ ਮਨ-ਪਸੰਦ ਪੁਸਤਕਾਂ ਖਰੀਦਦੇ ਰਹੇ। ਲੇਖਕਾਂ ਦੇ ਰੂ-ਬ-ਰੂ ਅਤੇ ਲੇਖਕ-ਪਾਠਕ ਦਾ ਸੰਵਾਦ ਇਸ ਪੁਸਤਕ ਮੇਲੇ ਦਾ ਹਾਸਲ ਰਿਹਾ। ਅਜਿਹੇ ਪੁਸਤਕ ਮੇਲਿਆਂ ਨਾਲ ਇਕ ਮਾਹੌਲ ਬਣਦਾ ਹੈ। ਪੁਸਤਕਾਂ ਪ੍ਰਤੀ ਆਮ ਲੋਕਾਂ ਅੰਦਰ ਚੇਤੰਨਤਾ ਪੈਦਾ ਹੁੰਦੀ ਹੈ। ਪੁਸਤਕ-ਪ੍ਰੇਮੀਆਂ ਨੂੰ ਇਕ ਹੀ ਥਾਂ ਵੱਖ ਵੱਖ ਵਿਸ਼ਿਆਂ ਦੀਆਂ ਪੁਸਤਕਾਂ ਮਿਲ ਜਾਂਦੀਆਂ ਹਨ ਅਤੇ ਪ੍ਰਕਾਸ਼ਕਾਂ ਲਈ ਵੀ ਇਹ ਇਕ ਸੁਨਿਹਰੀ ਮੌਕਾ ਹੁੰਦਾ ਹੈ।

ਜਿੱਥੇ ਭਾਰਤ ਵਾਸੀਆਂ ਲਈ, ਵਿਸ਼ੇਸ਼ ਕਰਕੇ ਦਿੱਲੀ ਵਾਸੀਆਂ ਲਈ ਇਹ ਇਕ ਮਾਣਮੱਤੀ ਈਵੈਂਟ ਸੀ ਉਥੇ ਸੰਸਦ ਟੀ.ਵੀ. ਨੇ ਇਸਦੀ ਵਿਸਥਾਰਤ ਕਵਰੇਜ ਕਰਕੇ ਇਸਦਾ ਦਾਇਰਾ ਹੋਰ ਮੋਕਲਾ ਕਰ ਦਿੱਤਾ

# ਚਮਕੀਲਾ ਬਣਿਆ 'ਦਿਲਜੀਤ ਦੁਸਾਂਝ



-ਸੁਰਜੀਤ ਜੱਸਲ

'ਪੰਜਾਬੀ ਦੋਗਾਣਾ ਗਾਇਕੀ ਦੀ ਬਹੁ-ਚਰਚਿਤ ਜੋੜੀ ਮਰਹੂਮ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀ ਪ੍ਰਸਿੱਧੀ ਨੂੰ ਵੇਖਦਿਆਂ ਬਾਲੀਵੁੱਡ ਵਾਲਿਆਂ ਵੱਲੋਂ ਹੁਣ ਉਸ 'ਤੇ ਇੱਕ ਫ਼ਿਲਮ ' ਚਮਕੀਲਾ' ਬਣਾਈ ਜਾ ਰਹੀ ਹੈ। ਵੱਡੇ ਬਜਟ ਦੀ ਇਸ ਫ਼ਿਲਮ ਵਿੱਚ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਗਾਇਕੀ ਸਫ਼ਰ, ਪਰਿਵਾਰਕ ਜ਼ਿੰਦਗੀ ਅਤੇ ਨਾਜ਼ੁਕ ਸਮੇਂ ਦੀਆਂ ਅਹਿਮ ਘਟਨਾਵਾਂ ਨੂੰ ਪਰਦੇ 'ਤੇ ਵਿਖਾਇਆ ਜਾਵੇਗਾ। ਉਸ ਦੇ ਪ੍ਰਸੰਸਕਾਂ ਲਈ ਚੰਗੀ ਖ਼ਬਰ ਹੈ ਕਿ ਗਾਇਕੀ ਵਿੱਚ ਅਮਰ ਹੋਇਆ ਚਮਕੀਲਾ ਹੁਣ ਫ਼ਿਲਮੀ ਪਰਦੇ 'ਤੇ ਵੀ ਰਾਜ ਕਰੇਗਾ। ਜ਼ਿਕਰਯੋਗ ਹੈ ਕਿ ਇਸ ਫ਼ਿਲਮ 'ਚ ਅਮਰ ਸਿੰਘ ਚਮਕੀਲੇ ਦਾ ਕਿਰਦਾਰ ਪੰਜਾਬੀ ਗਾਇਕ ਤੇ ਬਾਲੀਵੁੱਡ ਅਦਾਕਾਰ ਦਿਲਜੀਤ ਦੁਸਾਂਝ ਨਿਭਾਅ ਰਿਹਾ ਹੈ ਜਦਕਿ ਬਾਲੀਵੁੱਡ ਅਦਾਕਾਰਾ ਪ੍ਰਨੀਤੀ ਚੋਪੜਾ ਅਮਰਜੋਤ ਦੇ ਕਿਰਦਾਰ 'ਚ ਨਜ਼ਰ ਆਵੇਗੀ। ਅਕਸਰ ਵੇਖਿਆ ਜਾਂਦਾ ਹੈ ਕਿ ਬਾਲੀਵੁੱਡ ਇੰਡਸਟਰੀ ਵਾਲੇ ਜ਼ਿਆਦਾਤਰ ਮੁੰਬਈ ਕਲਾਕਾਰਾਂ ਤੋਂ ਹੀ ਪੰਜਾਬੀ ਕਿਰਦਾਰ ਕਰਵਾ ਲੈਂਦੇ ਹਨ ਜਦਕਿ ਇਸ ਫ਼ਿਲਮ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਚਮਕੀਲੇ ਦੇ ਕਿਰਦਾਰ ਲਈ ਦਿਲਜੀਤ ਨੂੰ ਹੀ ਚੁਣਿਆ ਹੈ, ਕਿਉਂਕਿ ਅਦਾਕਾਰ ਤੋਂ ਪਹਿਲਾਂ ਦਿਲਜੀਤ ਇੱਕ ਗਾਇਕ ਵੀ ਹੈ। ਚਮਕੀਲੇ ਦੇ ਗਾਇਕੀ ਦੌਰ ਨੂੰ ਉਸ ਨੇ ਬਹੁਤ ਨੇੜੇ ਤੋਂ ਵੇਖਿਆ ਹੈ। ਉਸ ਵਾਂਗ ਹੀ ਠੇਠ ਮਲਵਈ ਬੋਲਣ ਵਾਲਾ ਕਲਾਕਾਰ ਹੈ। ਜਿਸ ਕਰਕੇ ਚਮਕੀਲੇ ਦੇ ਕਿਰਦਾਰ ਵਿੱਚ ਆਪਣੇ ਆਪ ਨੂੰ ਢਾਲਣਾ ਸੌਖਾ ਸੀ। ਬਾਲੀਵੁੱਡ ਲੇਖਕ ਨਿਰਦੇਸ਼ਕ ਇਮਤਿਆਜ਼ ਅਲੀ ਵੱਲੋਂ ਬਣਾਈ ਜਾ ਰਹੀ ਇਸ ਫ਼ਿਲਮ ਵਿੱਚ ਪੰਜਾਬੀ ਤੇ ਹਿੰਦੀ ਸਿਨਮੇ ਦੇ ਕਈ ਨਾਮੀ ਅਦਾਕਾਰ ਵੀ ਅਹਿਮ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਇਸ ਫ਼ਿਲਮ ਦੀ ਸ਼ੂਟਿੰਗ ਸੰਗਰੂਰ, ਬਰਨਾਲਾ, ਧੂਰੀ, ਮਲੇਰਕੋਟਲਾ ਤੇ ਮਾਨਸਾ ਇਲਾਕੇ ਵਿੱਚ ਕੀਤੀ ਗਈ ਹੈ। ਇਸ ਫ਼ਿਲਮ ਲਈ ਇੱਕ ਅਹਿਮ ਅਖਾੜਾ ਮਾਨਸਾ ਦੇ ਖ਼ਿਆਲਾ ਪਿੰਡ ਵਿੱਚ ਫ਼ਿਲਮਾਇਆ ਗਿਆ, ਜਿੱਥੇ ਦਿਲਜੀਤ ਦੁਸਾਂਝ ਤੇ ਚਮਕੀਲੇ ਦੇ ਪ੍ਰਸੰਸਕ ਵੱਡੀ ਗਿਣਤੀ ਵਿੱਚ ਪਹੁੰਚੇ ਜਿੱਥੇ ਮੌਕੇ ਦੇ ਹਾਲਾਤ ਨੂੰ ਵੇਖਦਿਆਂ ਸਖ਼ਤ ਸੁਰੱਖਿਆ ਪ੍ਰਬੰਧ ਕਰਨੇ ਪਏ। ਭਾਵੇਂ ਦਿਲਜੀਤ ਦੁਸਾਂਝ ਵਿਵਾਦਿਤ ਕਲਾਕਾਰ ਨਹੀਂ ਹੈ ਪਰ ਚਮਕੀਲਾ ਦੇ ਕਿਰਦਾਰ ਨੂੰ ਲੈ ਕੇ ਉਸ ਬਾਰੇ ਤਰ੍ਹਾਂ ਤਰ੍ਹਾਂ ਦੀ ਆਲੋਚਨਾ ਹੋ ਰਹੀ ਹੈ ਪਰ ਦਿਲਜੀਤ ਦਾ ਧਿਆਨ ਆਪਣੇ ਕੰਮ ਵੱਲ ਹੈ। ਜੇਕਰ ਕੁਝ ਦ੍ਰਿਸ਼ਾਂ ਲਈ ਉਸ ਨੇ ਆਪਣੀ ਪੱਗ ਉਤਾਰੀ ਤਾਂ ਉਸ ਵੇਲੇ ਉਹ ਦਿਲਜੀਤ ਨਹੀਂ, ਚਮਕੀਲਾ ਦੇ ਕਿਰਦਾਰ ਵਿਚ ਸੀ।

ਵਾਇਰਲ ਤਸਵੀਰਾਂ ਨੂੰ ਵੇਖਦਿਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਨ 'ਚ ਆ ਰਹੀਆਂ ਹਨ ਕਿ ਉਸ ਨੇ ਇੱਕ ਵਿਵਾਦਿਤ ਗਾਇਕ ਦੇ ਕਿਰਦਾਰ ਲਈ ਆਪਣੀ ਪੱਗ ਉਤਾਰ ਕੇ ਸਿੱਖ ਧਰਮ ਦੀ ਉਲੰਘਣਾ ਕੀਤੀ ਪ੍ਰੰਤੂ ਸੋਚਣ ਦੀ ਲੋੜ ਹੈ ਕਿ ਜਦੋਂ ਦਿਲਜੀਤ ਨੇ ' ਸੱਜਣ ਸਿੰਘ ਰੰਗਰੂਟ ਨਾਂ ਦੀ ਪੰਜਾਬੀ ਫ਼ਿਲਮ ਵਿੱਚ ਇੱਕ ਸਿੱਖ ਫ਼ੌਜੀ ਦੀ ਸ਼ਹਾਦਤ ਭਰੀ ਜ਼ਿੰਦਗੀ ਨੂੰ ਪਰਦੇ 'ਤੇ ਪੇਸ਼ ਕੀਤਾ ਸੀ ਉਦੋਂ ਉਸ ਨੂੰ ਕਿਹੜਾ ਐਵਾਰਡ ਦਿੱਤਾ ਗਿਆ ਸੀ? ਜਦ ਉਸ ਨੇ ਧਾਰਮਿਕ ਗੀਤ ' ਆਰ ਨਾਨਕ ਪਾਰ ਨਾਨਕ..' ਗਾਇਆ ਸੀ ਉਦੋਂ ਕਿਹੜੀ ਸਿੱਖ ਜਥੇਬੰਦੀ ਨੇ ਉਸ ਨੂੰ ਸ਼ਾਬਾਸ਼ ਦਿੱਤੀ ਸੀ?? ਅਮਰ ਸਿੰਘ ਚਮਕੀਲੇ ਨੇ ਗਾਇਕੀ ਕਰਦਿਆਂ ਜੋ ਪਰਿਵਾਰਕ ਰਿਸ਼ਤਿਆਂ ਨੂੰ ਠੇਠਤਾ ਨਾਲ ਗਾਇਆ ਤਾਂ ਉਸ ਨੇ 'ਪਾਣੀ ਦਿਆਂ ਬੁਲਬੁਲਿਆਂ ਕੀ ਬੁਨਿਆਦਾਂ ਤੇਰੀਆਂ, ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ,ਚਾਰ ਦਿਨਾਂ ਦੀ ਪਰਾਹੁਣੀ ਜਿੰਦੇ ਤੂੰ, ਵੇ ਪੁੱਤ ਜਾਂਦੀ ਵਾਰੀ, 'ਤਾਰਿਆਂ ਦੀ ਲੋਏ ਲੋਏ ਤੁਰਦੇ ਮਟਕ ਨਾਲ ਧੰਨ ਮਾਤਾ ਗੁਜਰੀ ਦੇ ਲਾਲ' ਆਦਿ ਧਾਰਮਿਕ ਗੀਤ ਵੀ ਰਿਕਾਰਡ ਕਰਵਾਏ ਜੋ ਬਹੁਤ ਮਕਬੂਲ ਹੋਏ। ਜੇਕਰ ਚਮਕੀਲੇ ਦੇ ਕੁਝ ਮਾੜੇ ਪੱਖ ਸੀ ਤਾਂ ਚੰਗੇ ਵੀ ਸੀ ਜੋ ਇਸ ਫ਼ਿਲਮ ਰਾਹੀਂ ਨਜ਼ਰ ਆਉਣਗੇ ਕਿਉਂਕਿ ਇਸ ਫ਼ਿਲਮ ਲਈ ਪਿਛਲੇ ਚਾਰ-ਪੰਜ ਸਾਲਾਂ ਤੋਂ ਬਹੁਤ ਬਾਰੀਕੀ ਨਾਲ ਕੰਮ ਹੋ ਰਿਹਾ ਸੀ।



ਚਮਕੀਲਾ ਗ਼ਰੀਬ ਪਰਿਵਾਰ 'ਚ ਜੰਮਿਆਂ ਇੱਕ ਮਿਹਨਤੀ ਕਲਾਕਾਰ ਸੀ ਜਿਸ ਨੇ ਮਿਹਨਤ ਮਜ਼ਦੂਰੀ ਕਰਦੇ ਪਰਿਵਾਰ 'ਚੋਂ ਉੱਠ ਕੇ ਗਾਇਕੀ ਖੇਤਰ ਵਿੱਚ ਆਪਣਾ ਕੱਦ ਕੱਢਿਆ। ਸ਼ੁਹਰਤ ਤੇ ਪੈਸਾ ਆਉਣ ਨਾਲ ਉਸ ਨੇ ਪੈਰ ਨਹੀਂ ਛੱਡੇ, ਉਹ ਹਰ ਲੋੜਵੰਦ ਲਈ ਅੱਗੇ ਆਉਂਦਾ ਸੀ। ਸੰਗੀਤਕ ਹਲਕਿਆਂ ਵਿੱਚ ਅਮਰ ਸਿੰਘ ਚਮਕੀਲੇ ਦਾ ਫ਼ਿਲਮਾਂਕਣ ਹੋਣਾ ਚੰਗਾ ਮੰਨਿਆ ਜਾ ਰਿਹਾ ਹੈ। ਉਸ ਦਾ ਪ੍ਰਸੰਸਕ ਇਸ ਫ਼ਿਲਮ ਪ੍ਰਤੀ ਕਾਫ਼ੀ ਉਤਸ਼ਾਹਿਤ ਹੈ। 8 ਮਾਰਚ 1988 ਨੂੰ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਕੌਰ ਦਾ ਇਕ ਵਿਆਹ ਸਮਾਗਮ 'ਤੇ ਪ੍ਰੋਗਰਾਮ ਪੇਸ਼ ਕਰਦਿਆਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿਸ ਸਬੰਧੀ ਹਰ ਸਾਲ 8 ਮਾਰਚ ਨੂੰ ਲੁਧਿਆਣੇ ਇੱਕ ਮੇਲਾ ਕਰਵਾਇਆ ਜਾਂਦਾ ਹੈ। ਇਸ ਵਾਰ ਉਸ ਮੇਲੇ ਮੌਕੇ 'ਚਮਕੀਲਾ' ਫ਼ਿਲਮ ਦੀ ਸ਼ੂਟਿੰਗ ਹੋਣਾ ਵੀ ਇੱਕ ਸੱਚੀ ਸ਼ਰਧਾਂਜਲੀ ਹੀ ਹੈ। ਇਸ ਫ਼ਿਲਮ ਪ੍ਰਤੀ ਚਮਕੀਲਾ ਪ੍ਰਸੰਸਕਾਂ ਵਿੱਚ ਕਾਫ਼ੀ ਉਤਸ਼ਾਹ ਵੇਖਿਆ ਜਾ ਰਿਹਾ ਹੈ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW
DRYWALL INC.
The Name You Can Trust

- Insulation
- Drywall
- Taping
- Texturing
- Blow Insulation

Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ

ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524***221***

## ਲੜਕੀ ਦੀ ਲੋੜ

ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

## ਲੜਕੇ ਦੀ ਲੋੜ

Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

## ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜ੍ਹੀਏ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ 31 ਸਾਲਾ ਪਗੜੀਧਾਰੀ ਤੇ 6 ਫੁੱਟ ਲੰਮੇ , ਚੰਡੀਗੜ੍ਹ ਵਿੱਚ ਜੰਮੇ ਪਲੇਅ ਲੜਕੇ ਲਈ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ,ਚੰਗੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਇਸ ਵੇਲੇ ਸੀ ਐਨ ਰੇਲ ਚ ਚੰਗੀ ਜੋਬ ਕਰ ਰਿਹਾ ਹੈ। ਲੜਕੀ ਮੈਨੀਟੋਬਾ ਜਾਂ ਅਲਬਰਟਾ ਤੋਂ ਜਾਂ ਉਥੇ ਤਬਦੀਲ ਹੋਣ ਲਈ ਰਾਜ਼ੀ ਹੇਵੇ।ਰਿਸ਼ਤੇ ਸਬੰਧੀ ਆਪਣਾ ਬਾਇਓਡਾਟਾ ਇਸ ਫੋਨ ਨੰਬਰ 1 587 969 6363 ਉੱਪਰ ਵਟਸਐਪ ਕਰ ਸਕਦੇ ਹੋ। ***220***

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ 33 ਸਾਲਾ ਸਿੱਖ ਰਾਮਗੜ੍ਹੀਆ 5'-7" ਲੰਮੀ ਚੰਡੀਗੜ ਵਿੱਚ ਜੰਮੀ-ਪਲੀ ਆਈਟੀ ਪਰੋਫੈਸ਼ਨਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਤੇ ਅਲਬਰਟਾ/ਮੈਨੀਟੋਬਾ ਦੇ ਆਲੇ-ਦੁਆਲੇ ਤੋ ਲ਼ੰਮੇ ਕੁੱਦ ਵਾਲੇ ਲੜਕੇ ਦੀ ਲੋੜ ਹੈ। ਪੁੱਛਗਿੱਛ ਅਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬਾਇਓਡਾਟਾ ਅਤੇ ਹਾਲੀਆ ਤਸਵੀਰਾਂ ਵੱਟਸ ਐਪ ਤੇ ਭੇਜ ਸਕਦੇ ਹੋ !+1 587-969-6363 WhatsApp

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

## ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸਟੱਡੀ ਵੀਜੇ ਉੱਪਰ ਕਨੇਡਾ ਰਹਿ ਰਹੀ ਲੜਕੀ,ਜਨਮ 1994,ਕੱਦ 5 ਫੁੱਟ 7 ਇੰਚ, ਿਵਿਦਅਕ ਯੋਗਤਾ: ਐਮ ਏ ਇੰਗਲਿਸ਼ ਲਿਟਰੇਚਰ,ਅਤੇ ਹੁਣ ਐਡਵਾਂਸ ਕਮਿਊਨਿਕੇਸ਼ਨ ਦੀ ਪੜ੍ਹਾਈ ਕਰਦੀ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮਾਲਵੇ ਵਿੱਚ 40 ਕਿੱਲਿਆਂ ਦੇ ਮਾਲਕ ਸੰਧੂ ਪਰਿਵਾਰ ਦੀ ਧੀ ਹੈ। ਲੜਕੀ ਦਾ ਭਰਾ ਵੀ ਕਨੇਡਾ ਸੈਟਲਡ ਹੈ। ਸੰਪਰਕ: 1 780 975 9073 ਜਾਂ 1 780 885 7581 ***214***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987,ਿਵਦਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਸੰਪਰਕ: 1 587 777 0366 ਜਾਂ ਈ ਮੇਲ: tarunsandhu7585@gmail.com***218***

## ਲੜਕੀ ਦੀ ਲੋੜ

Canadian born Jatt Sikh Braich age 28 years height 6 ft degree from u of Calgary professionally employed looking for Canadian born professionally employed girl minimum ht 5,6ft .Please what's app or call 403 561 2486. ***217***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is an Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Only Jatt Sikh families contact : (403) 828 7973 or acheema8811@gmail.com. ***217***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

## ਲੜਕੀ ਦੀ ਲੋੜ

Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession proffered. Contact : 403 862 6806 / 403 830 5721.Email : askumar_3251@hotmail.com ***216***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

## ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 6।0 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

## ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸ਼ੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

## ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਲੜਕੀ ਦੀ ਲੋੜ

# ਬਲੈਕ ਸੀ ਉੱਪਰ ਰੂਸੀ ਲੜਾਕੂ ਜਹਾਜ਼ ਦੀ ਟੱਕਰ ਕਾਰਨ ਅਮਰੀਕਨ ਡਰੋਨ ਡਿੱਗਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦੇ ਦੌਰਾਨ ਕਾਲੇ ਸਾਗਰ ਵਿੱਚ ਇੱਕ ਰੂਸੀ ਜਹਾਜ਼ ਇੱਕ ਅਮਰੀਕੀ ਡਰੋਨ ਨਾਲ ਟਕਰਾ ਗਿਆ। ਅਮਰੀਕੀ ਫੌਜ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਰੂਸੀ ਜਹਾਜ਼ ਨੇ ਅਮਰੀਕੀ ਡਰੋਨ ਦੇ ਕੁੱਝ ਹਿੱਸਿਆਂ ਨੂੰ ਨੁਕਸਾਨ ਪਹੁੰਚਾਇਆ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰੂਸੀ ਜਹਾਜ਼ ਅਤੇ ਅਮਰੀਕੀ ਡਰੋਨ ਕਾਲੇ ਸਾਗਰ 'ਤੇ ਚੱਕਰ ਲਗਾ ਰਹੇ ਸਨ। ਬ੍ਰਸੇਲਜ਼ ਵਿੱਚ ਨਾਟੋ ਦੇ ਡਿਪਲੋਮੈਟਾਂ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਪਰ ਕਿਹਾ ਕਿ ਉਨ੍ਹਾਂ ਨੂੰ ਉਮੀਦ ਨਹੀਂ ਸੀ ਕਿ ਇਹ ਤੁਰੰਤ ਕਿਸੇ ਹੋਰ ਟਕਰਾਅ ਵਿੱਚ ਬਦਲ ਜਾਵੇਗਾ। ਇੱਕ ਪੱਛਮੀ ਫੌਜੀ ਸੂਤਰ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਗੱਲ ਕਰਦਿਆਂ ਕਿਹਾ ਕਿ ਰੂਸ ਅਤੇ ਅਮਰੀਕਾ ਦੇ ਵਿਚਕਾਰ ਕੂਟਨੀਤਕ ਚੈਨਲਾਂ ਨੂੰ ਸਰਗਰਮ ਕਰ ਦਿੱਤਾ ਗਿਆ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਅਮਰੀਕਾ ਨਿਗਰਾਨੀ ਅਤੇ ਹਮਲੇ ਦੋਵਾਂ ਲਈ ਐਮਕਿਊ-9 ਰੀਪਰ ਦੀ ਵਰਤੋਂ ਕਰਦਾ ਹੈ ਅਤੇ ਲੰਬੇ ਸਮੇਂ ਤੋਂ ਕਾਲੇ ਸਾਗਰ 'ਤੇ ਰੂਸੀ ਸਮੁੰਦਰੀ ਫੌਜਾਂ 'ਤੇ ਨਜ਼ਰ ਰੱਖਣ ਲਈ ਆਪਰੇਸ਼ਨ ਚਲਾਇਆ ਹੈ। ਅਮਰੀਕੀ ਹਵਾਈ ਸੈਨਾ ਦੇ ਕਮਾਂਡਰ ਜਨਰਲ ਜੇਮਸ ਹੈਕਰ ਨੇ ਕਿਹਾ ਹੈ ਕਿ ਸਾਡਾ ਐਮਕਿਊ-9 ਜਹਾਜ਼ ਅੰਤਰਰਾਸ਼ਟਰੀ ਹਵਾਈ ਖੇਤਰ ਵਿੱਚ ਰੁਟੀਨ ਕਾਰਵਾਈਆਂ ਕਰ ਰਿਹਾ ਸੀ ਜਦੋਂ ਉਸ ਨੂੰ ਰੂਸੀ ਜਹਾਜ਼ ਨੇ ਰੋਕ ਕੇ ਡੇਗ ਦਿੱਤਾ।

# ਸਿਲੀਕਾਨ ਵੈਲੀ ਬੈਂਕ ਡੁੱਬਣ ਉਪਰੰਤ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਕਿ ਅਮਰੀਕਨ ਬੈਂਕਿੰਗ ਸਿਸਟਮ ਸੁਰੱਖਿਅਤ ਹੈ

ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਵੱਡੇ ਬੈਂਕਾਂ 'ਚ ਸ਼ਾਮਲ ਸਿਲੀਕਾਨ ਵੈਲੀ ਬੈਂਕ (ਐਸਵੀਬੀ) ਡੁੱਬ ਗਿਆ ਹੈ। ਬੈਂਕ ਦੇ ਦੀਵਾਲੀਆ ਹੋਣ ਤੋਂ ਬਾਅਦ ਉਸ ਦੀ ਸੰਪਤੀ ਜ਼ਬਤ ਕਰ ਲਈ ਗਈ ਹੈ। ਬੈਂਕ ਬੰਦ ਹੋਣ ਕਾਰਨ ਅਮਰੀਕੀ ਬੈਂਕਿੰਗ ਸੈਕਟਰ ਮੁਸ਼ਕਲਾਂ 'ਚ ਘਿਰ ਗਿਆ ਹੈ ਅਤੇ ਇਸ ਦਾ ਅਸਰ ਦੁਨੀਆ ਭਰ 'ਚ ਦੇਖਣ ਨੂੰ ਮਿਲਿਆ ਹੈ। । ਕੈਲੀਫੋਰਨੀਆ ਦੇ ਡਿਪਾਰਟਮੈਂਟ ਆਫ਼ ਫਾਇਨਾਂਸ਼ੀਅਲ ਪ੍ਰੋਟੈਕਸ਼ਨ ਐਂਡ ਇਨੋਵੇਸ਼ਨ ਨੇ ਬੈਂਕ ਦੀ ਮਾੜੀ ਵਿੱਤੀ ਹਾਲਤ ਨੂੰ ਦੇਖਦਿਆਂ ਇਸ ਨੂੰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਿਲੀਕਾਨ ਵੈਲੀ ਬੈਂਕ ਦੇ ਗਾਹਕਾਂ ਦੀ ਜਮ੍ਹਾਂ ਪੂੰਜੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ ਨੂੰ ਸੌਂਪੀ ਗਈ ਹੈ।ਵਰਨਣਯੋਗ ਹੈ ਸਿਲੀਕਾਨ ਵੈਲੀ ਬੈਂਕ ਅਮਰੀਕਾ ਦਾ 16ਵਾਂ ਸਭ ਤੋਂ ਵੱਡਾ ਬੈਂਕ ਹੈ। ਇਸ ਤੋਂ ਬਾਅਦ ਅਮਰੀਕੀ ਰੈਗੂਲੇਟਰ ਨੇ ਨਿਊਯਾਰਕ ਸਥਿਤ ਸਿਗਨੇਚਰ ਬੈਂਕ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਹਾਲਾਂਕਿ ਇਹ ਇੱਕ ਖੇਤਰੀ ਬੈਂਕ ਹੈ ਅਤੇ ਇਸਦਾ ਆਕਾਰ ਐਸ ਵੀ ਬੀ ਤੋਂ ਬਹੁਤ ਛੋਟਾ ਹੈ। ਰਾਸ਼ਟਰਪਤੀ ਜੋ ਬਾਇਡਨ ਨੇ ਦੇਸ਼ ਦੇ ਨਾਮ ਸੰਬੋਧਨ ਵਿੱਚ ਆਖਿਆ ਕਿ ਅਮਰੀਕਨ ਬੈਂਕਿੰਗ ਸਿਸਟਮ ਸੁਰੱਖਿਅਤ ਹੈ ਅਤੇ ਉਨ੍ਹਾਂ ਇਸ ਸਬੰਧੀ ਫੈਡਰਲ ਸਰਕਾਰ ਦੁਆਰਾ ਚੁੱਕੇ ਜਾ ਰਹੇ ਕਦਮਾਂ ਦੀ ਜਾਣਕਾਰੀ ਵੀ ਦੇਸ਼ ਵਾਸੀਆਂ ਨਾਲ ਸਾਂਝੀ ਕੀਤੀ।

# ਪ੍ਰਵਾਸੀਆਂ ਨੂੰ ਲੈ ਕੇ ਅਮਰੀਕਾ ਅਤੇ ਮੈਕਸੀਕੋ ਦੀ ਸਰਹੱਦ 'ਤੇ ਫਿਰ ਤਣਾਅ ਪੈਦਾ ਹੋਇਆ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਵਾਸੀਆਂ ਨੂੰ ਲੈ ਕੇ ਅਮਰੀਕਾ ਅਤੇ ਮੈਕਸੀਕੋ ਦੀ ਸਰਹੱਦ 'ਤੇ ਇੱਕ ਵਾਰ ਫਿਰ ਤਣਾਅ ਪੈਦਾ ਹੋ ਗਿਆ ਹੈ। ਬੀਤੇ ਦਿਨੀ ਵੱਡੀ ਗਿਣਤੀ ਵਿਚ ਇਨ੍ਹਾਂ ਪ੍ਰਵਾਸੀਆਂ ਨੇ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਨੂੰ ਹਟਾ ਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਸੀਮਾ ਸੁਰੱਖਿਆ ਬਲ ਅਤੇ ਪੁਲਿਸ ਨੇ ਜ਼ਿਆਦਾਤਰ ਨੂੰ ਮੈਕਸੀਕੋ ਸਰਹੱਦ ਵੱਲ ਮੋੜ ਦਿੱਤਾ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਜ਼ਿਆਦਾਤਰ ਲੋਕ ਜੋ ਬਾਇਡਨ ਪ੍ਰਸ਼ਾਸਨ ਦੁਆਰਾ ਪ੍ਰਵਾਸੀਆਂ ਲਈ ਸ਼ੁਰੂ ਕੀਤੀ ਗਈ ਐਪ ਸੇਵਾ ਤੋਂ ਨਾਰਾਜ਼ ਹਨ। ਉਨ੍ਹਾਂ ਦੀ ਸ਼ਿਕਾਇਤ ਹੈ ਕਿ ਇਸ ਸੇਵਾ ਦੀ ਪ੍ਰਕਿਰਿਆ ਬਹੁਤ ਲੰਬੀ ਅਤੇ ਥਕਾ ਦੇਣ ਵਾਲੀ ਹੈ। ਇੱਕ ਸਮਾਚਾਰ ਏਜੰਸੀ ਮੁਤਾਬਕ ਮੈਕਸੀਕੋ ਸਰਹੱਦ ਤੋਂ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਜ਼ਿਆਦਾਤਰ ਲੋਕ ਵੈਨੇਜ਼ੁਏਲਾ ਦੇ ਨਾਗਰਿਕ ਹਨ। ਇਹ ਲੋਕ ਅਮਰੀਕਾ ਵਿੱਚ ਸ਼ਰਣ ਮੰਗ ਕਰ ਰਹੇ ਹਨ। ਇਨ੍ਹਾਂ ਲੋਕਾਂ ਨੇ ਕੰਡਿਆਲੀ ਤਾਰ ਅਤੇ ਬੈਰੀਅਰ ਹਟਾ ਦਿੱਤੇ। ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਕੁੱਝ ਲੋਕ ਜ਼ਖਮੀ ਵੀ ਹੋਏ। ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਨਾਲ ਬਹੁਤ ਛੋਟੇ ਬੱਚੇ ਵੀ ਦੇਖੇ ਗਏ। ਇਸ ਦੌਰਾਨ ਕੁੱਝ ਲੋਕਾਂ ਨੇ ਪੁਲਿਸ ਅਤੇ ਬਾਰਡਰ ਪੁਲਿਸ ਫੋਰਸ 'ਤੇ ਹਮਲਾ ਵੀ ਕੀਤਾ। ਬਾਅਦ ਵਿੱਚ ਪੁਲਿਸ ਨੇ ਉਨ੍ਹਾਂ ਨੂੰ ਭਜਾ ਦਿੱਤਾ। ਹੋਮ ਲੈਂਡ ਡਿਪਾਰਟਮੈਂਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਦਰਅਸਲ, ਕੁੱਝ ਸਮਾਂ ਪਹਿਲਾਂ ਅਮਰੀਕੀ ਗ੍ਰਹਿ ਵਿਭਾਗ ਨੇ ਮਾਈਗ੍ਰੇਸ਼ਨ ਦੀ ਇੱਛਾ ਰੱਖਣ ਵਾਲੇ ਲੋਕਾਂ ਲਈ ਇੱਕ ਐਪ ਸੇਵਾ ਸ਼ੁਰੂ ਕੀਤੀ ਸੀ। ਇਨ੍ਹਾਂ ਲੋਕਾਂ ਦਾ ਇਲਜ਼ਾਮ ਹੈ ਕਿ ਇਸ ਐਪ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਗਿਆ ਹੈ ਕਿ ਪਰਵਾਸ ਕਰਨ ਵਾਲਿਆਂ ਨੂੰ ਕਾਫੀ ਸਮਾਂ ਬਤੀਤ ਕਰਨਾ ਪੈਂਦਾ ਹੈ। ਭੀੜ 'ਚ ਮੌਜੂਦ ਇੱਕ ਵਿਅਕਤੀ ਨੇ ਕਿਹਾ- ਜੇਕਰ ਇਸ ਐਪ 'ਤੇ ਭਰੋਸਾ ਕੀਤਾ ਜਾਵੇ ਤਾਂ ਸਾਨੂੰ ਅਮਰੀਕਾ ਪਹੁੰਚਣ 'ਚ ਕਈ ਸਾਲ ਲੱਗ ਜਾਣਗੇ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖ਼ਤ ਜ਼ਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

ਕਾਲ ਦਿਲਾਵਰ ਤੂਰ
403 680 0436

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***

Need Nanny
Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.
Salary: $13 - $15
Gurbinder Sohal
City: Regina, SK
Contact Number 306-520-4313

Hiring
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

ਡਰਾਇਵਰਾਂ ਦੀ ਲੋੜ
Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 854 3124

# ਪੰਜਾਬੀ ਮੂਲ ਦੇ ਐਮ ਪੀ ਰਾਜ ਗਰੇਵਾਲ ਨੂੰ ਹੁਣ ਅਦਾਲਤ ਨੇ ਦੋਸ਼ ਮੁਕਤ ਕਰਾਰ ਦੇ ਦਿੱਤਾ ਹੈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬਰੈਂਪਟਨ ਈਸਟ ਤੋਂ ਮੈਂਬਰ ਪਾਰਲੀਆਮੈਂਟ ਰਹੇ ਰਾਜ ਗਰੇਵਾਲ, ਜਿਨ੍ਹਾਂ ਦੇ 2018 ਵਿੱਚ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਨੂੰ ਅਦਾਲਤ ਵੱਲੋਂ ਦੋਸ਼ ਮੁਕਤ ਕਰਾਰ ਦੇ ਦਿੱਤਾ ਗਿਆ ਹੈ। ਰਾਜ ਗਰੇਵਾਲ ਉੱਤੇ ਪੰਜ ਚਾਰਜ ਲੱਗੇ ਸਨ, ਜਿਨ੍ਹਾਂ ਵਿੱਚੋਂ ਤਿੰਨ ਪਹਿਲਾਂ ਹੀ ਵਾਪਿਸ ਲਏ ਜਾ ਚੁੱਕੇ ਸਨ ਤੇ ਬਾਕੀ ਬਚੇ ਦੋ ਕ੍ਰਿਮੀਨਲ ਚਾਰਜਿਜ਼ ਵੀ ਖ਼ਤਮ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਇਸ ਮਾਮਲੇ ਦੇ ਸਬੰਧ ਵਿੱਚ ਨੌਂ ਮਹੀਨਿਆਂ ਦੀ ਸੁਣਵਾਈ ਅਦਾਲਤ ਵੱਲੋਂ ਕੀਤੀ ਗਈ ਸੀ। ਇਸ ਦੌਰਾਨ ਬਹੁਤੇ ਸਾਰੇ ਲੋਕਾਂ ਦੀ ਗਵਾਹੀ ਲਈ ਗਈ ਤੇ ਮਾਮਲੇ ਸਬੰਧੀ ਪੁੱਛਗਿੱਛ ਕੀਤੀ ਗਈ। ਪਰ ਹੁਣ ਪਤਾ ਲੱਗਿਆ ਹੈ ਕਿ ਜੱਜ ਵੱਲੋਂ ਰਾਜ ਗਰੇਵਾਲ ਉੱਤੇ ਲੱਗੇ ਸਾਰੇ ਚਾਰਜਿਜ਼ ਨੂੰ ਖਾਰਜ ਕਰ ਦਿੱਤਾ ਗਿਆ ਹੈ। ਇਹ ਦੋਸ਼ ਸਪੈਸ਼ਲ ਪ੍ਰੋਸੀਜਰ ਤਹਿਤ ਖਾਰਜ ਕੀਤੇ ਗਏ ਹਨ। ਇਸ ਪ੍ਰੋਸੀਜਰ ਨੂੰ ਡਾਇਰੈਕਟਿਡ ਵਰਡਿਕਟ ਆਖਿਆ ਜਾਂਦਾ ਹੈ। ਇਹ ਡਾਇਰੈਕਟਿਡ ਵਰਡਿਕਟ ਇਸ ਲਈ ਦਿੱਤਾ ਗਿਆ ਕਿਉਂਕਿ ਕ੍ਰਾਊਨ ਵਕੀਲ ਗਰੇਵਾਲ ਉੱਤੇ ਲੱਗੇ ਇਨ੍ਹਾਂ ਦੋਸ਼ਾਂ ਨੂੰ ਸਿੱਧ ਕਰਨ ਲਈ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕੇ। ਰਾਜ ਗਰੇਵਾਲ ਨੇ ਆਖਿਆ ਕਿ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦਾ ਇਸ ਮੁਸ਼ਕਲ ਘੜੀ ਵਿੱਚ ਬਹੁਤ ਸਾਥ ਦਿੱਤਾ ਗਿਆ ਹੈ ਜਿਸ ਲਈ ਉਹ ਸਭ ਦੇ ਸ਼ੁਕਰਗੁਜ਼ਾਰ ਹਨ। ਵਰਰਣਯੋਗ ਹੈ ਕਿ ਰਾਜ ਗਰੇਵਾਲ ਉੱਤੇ 6 ਮਿਲੀਅਨ ਦੇ ਨੇੜੇ ਤੇੜੇ ਫੰਡਾਂ ਦਾ ਐਥਿਕਸ ਕਮਿਸ਼ਨਰ ਕੋਲ ਖੁਲਾਸਾ ਨਾ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਉੱਤੇ ਧੋਖਾਧੜੀ ਤੇ ਬ੍ਰੀਚ ਆਫ ਟਰਸਟ ਵਰਗੇ ਦੋਸ਼ ਵੀ ਲੱਗੇ ਸਨ।

# ਬੀ ਸੀ ਦੀ ਬਜ਼ੁਰਗ ਮਹਿਲਾ ਨਾਲ ਹਜ਼ਾਰਾਂ ਡਾਲਰਾਂ ਦੀ ਠੱਗੀ ਵੱਜੀ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਬਜ਼ੁਰਗਾਂ ਨੂੰ ਠੱਗਣ ਦੇ ਮਾਮਲੇ ਵਧਦੇ ਜਾ ਰਹੇ ਹਨ ਆਮ ਤੌਰ ਤੇ ਇਨ੍ਹਾਂ ਬਜ਼ੁਰਗਾਂ ਨੂੰ ਉਨ੍ਹਾਂ ਦੇ ਕਿਸੇ ਨਜ਼ਦੀਕੀ ਜਾਂ ਪਿਆਰੇ ਰਿਸ਼ਤੇਦਾਰ ਦੇ ਕਿਸੇ ਗੰਭੀਰ ਮਾਮਲੇ ਵਿੱਚ ਫਸੇ ਹੋਣ ਦੀ ਜਾਣਕਾਰੀ ਦੇ ਕੇ ਹੁਣ ਉਨਾਂ ਕੋਲੋਂ ਹਜ਼ਾਰਾਂ ਡਾਲਰਾਂ ਦੀ ਠੱਗੀ ਮਾਰ ਲਈ ਜਾਂਦੀ ਹੈ ਕਿਉਂਕਿ ਜਦੋਂ ਕਿਸੇ ਨਜ਼ਦੀਕੀ ਦੇ ਕਿਸੇ ਮਾਮਲੇ ਵਿੱਚ ਫਸੇ ਹੋਣ ਦੀ ਸੂਚਨਾ ਮਿਲਦੀ ਹੈ ਤਾਂ ਬਜ਼ੁਰਗ ਘਬਰਾ ਜਾਂਦੇ ਹਨ ਤੇ ਬਿਨ੍ਹਾਂ ਕਿਸੇ ਨੂੰ ਦੱਸਿਆ ਆਪਣੀ ਜਮ੍ਹਾਂ ਪੂੰਜੀ ਲੁਟਾ ਬੈਠਦੇ ਹਨ। ਇਸੇ ਤਰ੍ਹਾਂ ਹੁਣ ਬ੍ਰਿਟਿਸ਼ ਕੋਲੰਬੀਆ ਵਿਚ ਇਕ ਬਜ਼ੁਰਗ ਮਹਿਲਾ ਕੋਲੋਂ ਹਜ਼ਾਰਾਂ ਡਾਲਰਾਂ ਦੀ ਠੱਗੀ ਮਾਰ ਲਈ ਗਈ ਹੈ।

# ਹਿੰਦੀ ਅਤੇ ਪੰਜਾਬੀ ਫ਼ਿਲਮਾਂ ਦੇ ਪ੍ਰਸਿੱਧ ਕਲਾਕਾਰ ਅਮਨ ਧਾਲੀਵਾਲ 'ਤੇ ਜਾਨਲੇਵਾ ਹਮਲੇ ਦੀ ਮਾਨਸਾ ਵਾਸੀਆਂ ਵੱਲੋਂ ਨਿਖੇਧੀ

ਮਾਨਸਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸੂਬੇ ਕੈਲੇਫੋਰਨੀਆ ਵਿੱਚ ਵਸਦੇ ਅਮਨ ਧਾਲੀਵਾਲ ਉੱਪਰ ਉਸ ਵੇਲੇ ਚਾਕੂ ਨਾਲ ਹਮਲਾ ਕੀਤੇ ਜਾਣ ਦੀ ਖ਼ਬਰ ਹੈ ਜਦੋਂ ਉਹ ਜਿੰਮ ਵਿਚ ਪ੍ਰੈਕਟਿਸ ਕਰ ਰਿਹਾ ਸੀ ਤਾਂ ਇੱਕ ਸਿਰਫਿਰੇ ਨੇ ਉਸਤੇ ਤੇਜ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਹ ਤਾਂ ਅਮਨ ਦੀ ਬਹਾਦਰੀ ਸੀ ਕਿ ਉਸਨੇ ਮੌਕਾ ਬਚਾ ਕੇ ਹਮਲਾਵਰ ਨੂੰ ਜੱਫਾ ਮਾਰਕੇ ਹੇਠਾਂ ਧਰਤੀ ਉੱਪਰ ਲਿਆ, ਤੇ ਅਣਹੋਣੀ ਹੋਣੋਂ ਬਚ ਗਈ। ਕੁੱਝ ਡੂੰਘੇ ਜ਼ਖਮ ਆਏ ਹਨ। ਅਮਨ ਦਾ ਪਿਛੋਕੜ ਪੰਜਾਬ ਦੇ ਮਾਨਸਾ ਜਿਲੇ ਨਾਲ ਸਬੰਧਿਤ ਹੈ । ਮਾਨਸਾ ਕਲਾ ਦੀ ਉਪਜਾਊ ਧਰਤੀ ਐ। ਇਸ ਧਰਤੀ ਨੇ ਅਨੇਕਾਂ ਫਨਕਾਰ ਪੈਦਾ ਕੀਤੇ ਜਿਹਨਾਂ ਦਾ ਲੋਹਾ ਪੂਰੀ ਦੁਨੀਆਂ ਮੰਨਦੀ ਐ। ਇਸ ਘਟਨਾ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਪੰਜਾਬੀ ਸੱਭਿਆਚਾਰ ਦੇ ਰਾਜਦੂਤ ਵੱਜੋਂ ਜਾਣੇ ਜਾਂਦੇ ਅਸ਼ੋਕ ਬਾਂਸਲ ਮਾਨਸਾ ਨੇ ਆਖਿਆ ਕਿ ਫਿਲਮੀ ਅਦਾਕਾਰ ਅਮਨ ਧਾਲੀਵਾਲ ਮਾਨਸਾ ਦੀ ਧਰਤੀ ਚੋਂ ਜਨਮਿਆ ਐ। ਅਮਨ ਨੇ ਜੋਧਾ ਅਕਬਰ,ਇੱਕ ਕੁੜੀ ਪੰਜਾਬ ਦੀ, ਅੱਜ ਦੇ ਰਾਂਝੇ ਫਿਲਮਾਂ ਵਿੱਚ ਯਾਦਗਾਰੀ ਕਿਰਦਾਰ ਨਿਭਾਅ ਕੇ ਮਾਨਸਾ ਦਾ ਨਾਮ ਰੋਸ਼ਨ ਕੀਤਾ। ਕਾਮਨਾ ਕੀਤੀ ਜਾਂਦੀ ਐ ਕਿ ਅਮਨ ਜਲਦ ਤੋਂ ਜਲਦ ਠੀਕ ਹੋ ਕੇ ਹਸਪਤਾਲ ਵਿੱਚੋ ਵਾਪਿਸ ਘਰ ਆ ਜਾਵੇਗਾ। ਅਮਰੀਕਾ ਜਿਸਨੂੰ ਦੁਨੀਆਂ ਦਾ ਸਭ ਤੋਂ ਤਾਕਤਵਰ ਤੇ ਸੁਰੱਖਿਅਤ ਮੁਲਕ ਮੰਨਿਆ ਜਾਂਦਾ ਹੈ ।ਉਸਦੇ ਪੰਜਾਬੀ ਬਹੁਗਿਣਤੀ ਵਾਲੇ ਸੂਬੇ ਕੈਲੇਫੋਰਨੀਆ ਵਿੱਚ ਇਹ ਬਹੁਤ ਹੀ ਮੰਦਭਾਗੀ ਘਟਨਾ ਵਾਪਰੀ, ?ਜਿਸਦੀ ਪੁਰਜ਼ੋਰ ਨਿਖੇਧੀ ਕੀਤੀ ਜਾਂਦੀ ਹੈ। ਇਸ ਘਟਨਾਂ ਦੀ ਨਿਖੇਧੀ ਕਰਨ ਵਾਲਿਆਂ ਵਿੱਚ ਵਿਸਵਦੀਪ ਬਰਾੜ,ਡਾਕਟਰ ਜਨਕ ਰਾਜ ਸਿੰਗਲਾ,ਜਗਜੀਤ ਗਰੇਵਾਲ, ਡਾਕਟਰ ਰਜਿੰਦਰ ਕੁਮਾਰ ਸਿੰਗਲਾ (ਬਿੱਟੂ ਤਾਜ ਮੈਡੀਕਲ ਹਾਲ) ਗੁਰਪ੍ਰੀਤ ਦੇ ਨਾਂ ਵੀ ਸਾਮਿਲ ਹਨ।

# ਕੈਨੇਡਾ ਦੇ ਮੂਲ ਨਿਵਾਸੀ ਕਬੀਲੇ -2



ਜਗਦੇਵ ਸਿੱਧੂ
403 351 1136

**ਇਰੁਕਵਾਇਨ ਭਾਸ਼ਾ ਬੋਲਣ ਵਾਲਿਆਂ ਵਿੱਚ ਇਹ ਕਬੀਲੇ ਸ਼ਾਮਲ ਹਨ - ਹੂਰੋਨ, ਪੀਤੁਨ, ਮੌਹਾਕ, ਓਨੀਦਾ, ਓਨੋਂਦਾਗਾ, ਕਾਯੂਗਾ, ਸੈਨੇਕਾ, ਤਸਕਾਰੋਰਾ, ਈਰੀ, ਸਕਵ੍ਹੈਨਾਕ, ਮਾਤੋਵੇਅ ਅਤੇ ਚੈਰੋਕੀ। ਸੇਂਟ ਲਾਰੈਂਸ ਦੇ ਕਬੀਲਿਆਂ ਨੂੰ ਸਟੈਡਾਕੋਨਾ ਅਤੇ ਹੋਕੇਲਾਗਨਜ਼ ਵੀ ਕਹਿੰਦੇ ਸਨ ਪਰ ਉਹ ਸਤਾਰ੍ਹਵੀਂ ਸਦੀ ਵਿਚ ਅਲੋਪ ਹੋ ਗਏ ਸਨ। ਹੂਰੋਨ ਇਨ੍ਹਾਂ ਚਾਰ ਕੌਮੀਅਤਾਂ ਦਾ ਸੰਘ (ਕਨਫੈਡਰੇਸੀ) ਹੈ - ਅਤੀਗਨਾਵਾਤਨ ਭਾਵ ਰਿੱਛ ਲੋਕ, ਅਥਾਗਨੀਨਾਂਗਨਾਕ ਭਾਵ ਰੱਸੇ ਵਾਲੇ ਲੋਕ, ਐਰਿਨਦੌਂਬਰੋਨਾਨ ਭਾਵ ਪਹਾੜੀ ਲੋਕ ਅਤੇ ਤਹਾਂਤਨਰਾਤ ਭਾਵ ਹਿਰਨ ਲੋਕ। ਅੱਜ ਕੱਲ੍ਹ ਇਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਲੋਕ ਕੁਬੈੱਕ ਸ਼ਹਿਰ ਦੇ ਨੇੜੇ ਡੀ-ਹੂਰੋਨ (ਲੌਰੈਟ) ਨਾਂ ਦੇ ਪਿੰਡ ਵਿਚ ਵਸਦੇ ਹਨ। ਉਹ ਆਪਣੇ ਆਪ ਨੂੰ ਵੈਂਡਟ ਅਖਵਾਉਂਦੇ ਹਨ ਜਿਸ ਦਾ ਅਰਥ ਹੈ ਟਾਪੂ ਵਾਸੀ ਜਾਂ ਖਾੜੀ ਦੇ ਵਸ਼ਿੰਦੇ। ਇਰੋਕਵਾ ( ਸ਼ਬਦੀ ਅਰਥ ਮਾਰਨ ਵਾਲੇ ਲੋਕ) ਵਿਚ ਸ਼ਾਮਲ ਹਨ - ਮੌਹਾਕ, ਓਨੀਦਾ, ਔਨੋਂਦਾਗਾ, ਕਾਯੂਗਾ, ਸੈਨੇਕਾ ਅਤੇ ਤਸਕਾਰੋਰਾ। ਸੋਲ੍ਹਵੀਂ ਸਦੀ ਤੱਕ ਉਨ੍ਹਾਂ ਨੇ ਪਹਿਲੀਆਂ ਪੰਜ ਕੌਮਾਂ ਦੀ ਇਰੋਕਵਾ ਕਨਫੈਡਰੇਸੀ ਕਾਇਮ ਕਰ ਲਈ ਸੀ ਜਿਹੜੀ 1722-23 ਵਿਚ ਤਸਕਾਰੋਰਾ ਨੂੰ ਸ਼ਾਮਲ ਕਰ ਕੇ ਛੇ ਕੌਮਾਂ ਦਾ ਸੰਘ ਬਣ ਗਈ ਸੀ। ਇਸ ਦੀ ਆਬਾਦੀ 50,000 ਤੋਂ ਵੱਧ ਹੈ।**

**ਇਨੂਇਟ** - ਇਨੂਇਟ ਸ਼ਬਦ ਇਨੁਕ (Inuk ) ਜਾਂ ਇਨੂਕ (Inuuk ) ਦਾ ਬਹੁਵਚਨ ਹੈ ਜਿਸ ਦਾ ਅਰਥ ਹੈ ਲੋਕਾਂ ਦੇ ਮਾਨਵ ਪ੍ਰਾਣੀ, ਇਸੇ ਤਰ੍ਹਾਂ ਇਨ੍ਹਾਂ ਦੀ ਭਾਸ਼ਾ ਵਿਚ ਇਹ ਸ਼ਬਦ ਹਨ – ਊਮਾਜ਼ਤ (Uumajut ) – ਪਸ਼ੂ, ਇਜੀਕੱਤ (Ijiqqat ) ਅਦਿੱਖ ਜੀਵ, ਅਲਾਇਤ (Allait ),ਕਾਲੂਨਤ (Qallunat ) ਜਾਂ ਟਾਂਗਿਤ (Tanngit ) –ਯੂਰਪੀਨ। ਆਰਕਟਿਕ ਤਟ ਦੇ ਨੇਟਿਵ ਆਪਣੇ ਆਪ ਨੂੰ ਇਨੁਈਨਾਇਤ (Inuinnaitt ) –ਸਿਰਫ਼ ਅਸੀਂ ਹੀ ਅਸਲੀ ਮਨੁੱਖ, ਮਕੈਂਜ਼ੀ ਤਟ ਅਤੇ ਡੈਲਟਾ ਦੇ ਨੇਟਿਵ ਇਨੁਵਿਆਲਿਉਟ (Inuvialiut ) –ਅਤੀ ਸ਼ਾਨਦਾਰ ਮਨੁੱਖ' ਅਖਵਾਉਂਦੇ ਹਨ। ਅਲਾਸਕਾ ਦੇ ਇਨੁਇਟਾਂ ਨੂੰ ਇਨੁਪੀਅਟ (Inupiat ) ਅਤੇ ਗਰੀਨਲੈਂਡ ਵਾਲਿਆਂ ਨੂੰ ਕਲਾਲਿਟ (Kalaallit ) ਕਹਿੰਦੇ ਹਨ। ਉਂਜ ਅਸੀਂ ਮੋਟੇ ਤੌਰ ਤੇ ਇਨ੍ਹਾਂ ਸਾਰੇ ਆਰਕਟਿਕ ਵਾਸੀਆਂ ਨੂੰ ਐਸਕੀਮੋ ਵੀ ਕਹਿੰਦੇ ਆਏ ਹਾਂ। ਕੈਨੇਡਾ ਵਿਚਲੇ ਇਨੁਇਟਾਂ ਦੀ ਆਬਾਦੀ 36,000 ਤੋਂ ਵੱਧ ਹੈ।

ਉੱਤਰੀ ਅਲਾਸਕਾ ਤੋਂ ਗਰੀਨ ਲੈਂਡ ਤੱਕ ਦੇ ਇਨੂਇਟਾਂ ਦੀ ਬੋਲੀ ਇਨੁਕਤੀਤੁਤ ਹੈ। ਇਹ ਸਾਰੇ ਟੱਪਰੀਵਾਸ ਹਨ। ਇਹ ਪਿਤਾ ਨੂੰ ਅਤਾਤਾ, ਮਾਂ ਨੂੰ ਅਨਾਨਾ, ਦਾਦੇ ਨੂੰ ਅਤਾਤੇਸੀਅਕ ਮਤਲਬ ਚੰਗਾ ਪਿਤਾ,ਦਾਦੀ ਨੂੰ ਅਨਾਨਾਤਸੀਅਕ, ਤਾਏ ਜਾਂ ਚਾਚੇ ਨੂੰ ਅੱਕਾ, ਭੂਆ ਨੂੰ ਅਤਸਾ, ਮਾਮੇ ਨੂੰ ਅੰਗਕ, ਮਾਸੀ ਨੂੰ ਅਜਕ, ਔਲਾਦ ਨੂੰ ਆਈਪਕ, ਬੱਚੇ ਨੂੰ ਕਿਤੁਰਨਗਾਕ, ਨਿਆਣੇ ਪੁੱਤ ਨੂੰ ਇਰਨੀਕ, ਨਿਆਣੀ ਧੀ ਨੂੰ ਪਨੀਕ, ਮੌਤ ਨੂੰ ਤੁਗੀ, ਲੜਾਈ ਨੂੰ ਉਨਾਤਾ ਕਹਿੰਦੇ ਹਨ।

**ਇਰੁਕਵਾਇਨ** - ਇਰੁਕਵਾਇਨ ਭਾਸ਼ਾ ਬੋਲਣ ਵਾਲਿਆਂ ਵਿਚ ਇਹ ਕਬੀਲੇ ਸ਼ਾਮਲ ਹਨ - ਹੂਰੋਨ, ਪੀਤੁਨ, ਮੌਹਾਕ, ਓਨੀਦਾ, ਓਨੋਂਦਾਗਾ, ਕਾਯੂਗਾ, ਸੈਨੇਕਾ, ਤਸਕਾਰੋਰਾ, ਈਰੀ, ਸਕਵ੍ਹੈਨਾਕ, ਮਾਤੋਵੇਅ ਅਤੇ ਚੈਰੋਕੀ। ਸੇਂਟ ਲਾਰੈਂਸ ਦੇ ਕਬੀਲਿਆਂ ਨੂੰ ਸਟੈਡਾਕੋਨਾ ਅਤੇ ਹੋਕੇਲਾਗਨਜ਼ ਵੀ ਕਹਿੰਦੇ ਸਨ ਪਰ ਉਹ ਸਤਾਰ੍ਹਵੀਂ ਸਦੀ ਵਿਚ ਅਲੋਪ ਹੋ ਗਏ ਸਨ। ਹੂਰੋਨ ਇਨ੍ਹਾਂ ਚਾਰ ਕੌਮੀਅਤਾਂ ਦਾ ਸੰਘ (ਕਨਫੈਡਰੇਸੀ) ਹੈ – ਅਤੀਗਨਾਵਾਤਨ ਭਾਵ ਰਿੱਛ ਲੋਕ, ਅਥਾਗਨੀਨਾਂਗਨਾਕ ਭਾਵ ਰੱਸੇ ਵਾਲੇ ਲੋਕ, ਐਰਿਨਦੌਂਬਰੋਨਾਨ ਭਾਵ ਪਹਾੜੀ ਲੋਕ ਅਤੇ ਤਹਾਂਤਨਰਾਤ ਭਾਵ ਹਿਰਨ ਲੋਕ। ਅੱਜ ਕੱਲ੍ਹ ਇਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਲੋਕ ਕੁਬੈੱਕ ਸ਼ਹਿਰ ਦੇ ਨੇੜੇ ਡੀ-ਹੂਰੋਨ (ਲੌਰੈਟ) ਨਾਂ ਦੇ ਪਿੰਡ ਵਿਚ ਵਸਦੇ ਹਨ। ਉਹ ਆਪਣੇ ਆਪ ਨੂੰ ਵੈਂਡਟ ਅਖਵਾਉਂਦੇ ਹਨ ਜਿਸ ਦਾ ਅਰਥ ਹੈ ਟਾਪੂ ਵਾਸੀ ਜਾਂ ਖਾੜੀ ਦੇ ਵਸ਼ਿੰਦੇ। ਇਰੋਕਵਾ ( ਸ਼ਬਦੀ ਅਰਥ ਮਾਰਨ ਵਾਲੇ ਲੋਕ) ਵਿਚ ਸ਼ਾਮਲ ਹਨ – ਮੌਹਾਕ, ਓਨੀਦਾ, ਔਨੋਂਦਾਗਾ, ਕਾਯੂਗਾ, ਸੈਨੇਕਾ ਅਤੇ ਤਸਕਾਰੋਰਾ। ਸੋਲ੍ਹਵੀਂ ਸਦੀ ਤੱਕ ਉਨ੍ਹਾਂ ਨੇ ਪਹਿਲੀਆਂ ਪੰਜ ਕੌਮਾਂ ਦੀ ਇਰੋਕਵਾ ਕਨਫੈਡਰੇਸੀ ਕਾਇਮ ਕਰ ਲਈ ਸੀ ਜਿਹੜੀ 1722-23 ਵਿਚ ਤਸਕਾਰੋਰਾ ਨੂੰ ਸ਼ਾਮਲ ਕਰ ਕੇ ਛੇ ਕੌਮਾਂ ਦਾ ਸੰਘ ਬਣ ਗਈ ਸੀ। ਇਸ ਦੀ ਆਬਾਦੀ 50,000 ਤੋਂ ਵੱਧ ਹੈ।

ਕੁਨਾਹਾ – ਇਹ ਲੋਕ ਪੂਰਬੀ ਬ੍ਰਿਟਿਸ਼ ਕੋਲੰਬੀਆ, ਇਡਾਹੋ ਦੇ ਧੁਰ ਉੱਤਰੀ ਇਲਾਕੇ ਅਤੇ ਮੌਂਟਾਨਾ ਦੇ ਉੱਤਰ-ਪੱਛਮੀ ਇਲਾਕਿਆਂ ਵਿਚ ਰਹਿੰਦੇ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਇਨ੍ਹਾਂ ਦੀ ਗ਼ੈਰ-ਮੂਲਨਿਵਾਸੀਆਂ ਨਾਲ ਕੋਈ ਸੰਧੀ ਨਹੀਂ ਹੋਈ ਹੈ, ਇਸ ਕਰ ਕੇ ਇਨ੍ਹਾਂ ਦੇ ਕੋਈ ਜ਼ਮੀਨੀ ਦਾਅਵੇ ਬਕਾਇਆ ਨਹੀਂ ਹਨ, ਮਤਲਬ ਇਹ ਆਪਣੀਆਂ ਪੂਰੀਆਂ-ਸੂਰੀਆਂ ਜੱਦੀ ਜ਼ਮੀਨਾਂ ਦੇ ਮਾਲਕ ਹਨ। ਪੁਰਾਤਨ ਭਾਖਿਆ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਲੋਕ ਬਹੁਤੇ ਨਹੀਂ ਵਧਣਗੇ ਪਰ ਕਦੇ ਖ਼ਤਮ ਵੀ ਨਹੀਂ ਹੋਣਗੇ। ਇਨ੍ਹਾਂ ਦੀ ਗਿਣਤੀ ਇੱਕ ਹਜ਼ਾਰ ਤੋਂ ਉਪਰ ਹੈ।

ਨਾ- ਡੈਨੇ -- – ਇਸ ਭਾਸ਼ਾ-ਪਰਿਵਾਰ ਦੀਆਂ ਅੱਗੇ ਕੋਈ ਚਾਲ਼ੀ ਅਥਾਬਾਸਕਨ ਉਪ-ਭਾਸ਼ਾਵਾਂ ਹਨ। ਇਨ੍ਹਾਂ ਭਾਸ਼ਾਵਾਂ ਵਿਚ ਡੈਨੇ ਸ਼ਬਦ ਦੇ ਅਰਥ ਹਨ – ਇਨਸਾਨ ਜਾਂ ਲੋਕ। ਇਹ ਲੋਕ ਅਮਰੀਕਾ ਵਿਚ ਪੈਸਿਫਿਕ ਤਟ ਦੇ ਦੱਖਣ-ਪੱਛਮੀ ਭਾਗ ਵਿਚ, ਅਲਾਸਕਾ ਅਤੇ ਕੈਨੇਡਾ ਵਿਚ ਰਹਿੰਦੇ ਹਨ। ਕੈਨੇਡਾ ਵਿਚਲੇ ਨਾ-ਡੈਨੇ ਲੋਕ 19 ਅਥਾਬਾਸਕਨ ਭਾਸ਼ਾਵਾਂ ਬੋਲਦੇ ਹਨ। ਮੰਨਿਆਂ ਜਾਂਦਾ ਹੈ ਕਿ ਇਹ ਲੋਕ 9,000-7,000 ਸਾਲ ਪਹਿਲਾਂ ਸਾਇਬੇਰੀਆ ਤੋਂ ਪਲਾਇਨ ਕਰ ਕੇ ਆਏ ਸਨ। ਸਾਇਬੇਰੀਆ ਅਤੇ ਅਲਾਸਕਾ-ਯੂਕੋਨ ਵਿਚਲੇ ਇਨ੍ਹਾਂ ਲੋਕਾਂ ਦੀਆਂ ਚਾਕੂ ਜਾਂ ਤੀਰਾਂ ਦੀਆਂ ਨੋਕਾਂ ਇੱਕੋ ਜਿਹੀਆਂ ਹਨ। ਅਥਾਬਾਸਕਨ ਲੋਕ ਹਡਜ਼ਨ ਬੇਅ ਅਤੇ ਪੈਸਿਫਿਕ ਵਿਚਲੀਆਂ ਵਾਦੀਆਂ, ਤਟੀ ਲੜੀਆਂ, ਦੱਖਣ-ਪੂਰਬੀ ਅਲਾਸਕਾ ਦੇ ਪੈਸਿਫਿਕ ਤਟ ਦੇ ਨਾਲ ਲਗਦੇ ਅਤੇ ਬ੍ਰਿਟਿਸ਼ ਕੋਲੰਬੀਆ ਅਤੇ ਯੂਕੋਨ ਅੰਦਰਲੇ ਇਲਾਕਿਆਂ ਵਿਚ ਰਹਿੰਦੇ ਹਨ, ਜਦੋਂ ਕਿ ਹਾਈਦਾ ਲੋਕ ਬ੍ਰਿਟਿਸ਼ ਕੋਲੰਬੀਆ ਦੇ ਕੁਈਨ ਸ਼ਾਰਲਟ ਟਾਪੂ ਉਪਰ ਰਹਿੰਦੇ ਹਨ। ਤਲਿੰਗਤ ਲੋਕ ਸਬ-ਆਰਕਟਿਕ ਖੇਤਰਾਂ ਵਿਚ ਮਿਲਦੇ ਹਨ। ਸਾਰਸੀ ਨੇਸ਼ਨ ਨਾਲ 1887 ਵਿਚ ਸੰਧੀ-7 ਹੋਈ ਸੀ, 1899 ਵਿਚ ਸੰਧੀ-8 ਚਿਪਵਾਇਨ, ਬੀਵਰ ਅਤੇ ਕੁੱਝ ਸਲਾਵੇ ਕਬੀਲਿਆਂ ਨਾਲ ਹੋਈ, ਸੰਧੀ-10 ਕੁੱਝ ਚਿਪਵਾਇਨ ਕਬੀਲਿਆਂ ਨਾਲ ਹੋਈ ਅਤੇ 1921 ਵਿਚ ਸੰਧੀ-11 ਮਕੈਂਜ਼ੀ ਰਿਵਰ ਵਾਦੀ ਦੇ ਦੂਜੇ ਡੀਨ ਕਬੀਲਿਆਂ ਨਾਲ ਹੋਈ। ਸਾਰਸੀ ਰਿਜ਼ਰਵ ਕੈਲਗਰੀ ਦੇ ਨਾਲ ਲਗਦਾ ਹੈ ਜਦੋਂ ਕਿ ਖਿੰਡੇ-ਪੁੰਡੇ ਟੋਲੇ ਐਡਮੰਟਨ ਅਤੇ ਵੈਨਕੂਵਰ ਵਿਚ ਵਸੇ ਹੋਏ ਹਨ। 1781 ਦੀ ਚੇਚਕ ਮਹਾਂਮਾਰੀ ਨੇ ਇਨ੍ਹਾਂ ਚਿਪਵਾਇਨ ਕਬੀਲਿਆਂ ਦੀ ਅੱਧੀ ਵੱਸੋਂ ਨੂੰ ਨਿਗਲ ਲਿਆ ਸੀ। ਤਲਿੰਗਤ ਲੋਕਾਂ ਦਾ ਰੂਸੀ ਖੋਜੀਆਂ ਨਾਲ ਟਾਕਰਾ ਹੁੰਦਾ ਰਿਹਾ ਜਦੋਂ ਕਿ 1774 ਵਿਚ ਹਾਈਦਾ ਕਬੀਲੇ ਵਾਲੇ ਸਪੇਨ ਦੇ ਖੋਜੀ 'ਜੂਆਂ ਪੇਰੇਜ਼ ਨਾਲ ਵਪਾਰ ਕਰਦੇ ਰਹੇ। 1844 ਤੋਂ ਬਾਦ ਇਨ੍ਹਾਂ ਇਲਾਕਿਆਂ ਵਿਚ ਕੈਥੋਲਿਕ ਤੇ ਐਂਗਲੀਕਨ ਪ੍ਰਚਾਰਕ ਆਏ ਜਿਨ੍ਹਾਂ ਨੇ ਰਿਹਾਇਸ਼ੀ ਸਕੂਲਾਂ ਵਿਚ ਇਨ੍ਹਾਂ ਦੇ ਬੱਚਿਆਂ ਨਾਲ ਅਣ-ਮਨੁੱਖੀ ਤਸ਼ੱਦਦ ਵਾਲਾ ਵਰਤਾਅ ਕੀਤਾ। ਇਨ੍ਹਾਂ ਇਲਾਕਿਆਂ ਵਿੱਚੋਂ 1873 ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਸੋਨਾ ਮਿਲਣ ਦੀਆਂ ਖ਼ਬਰਾਂ ਤੋਂ ਬਾਦ ਏਥੇ ਯੂਰਪੀਨ ਲੋਕਾਂ ਦੀ ਭੀੜ ਆਈ। 1896 ਤੋਂ ਯੂਕੋਨ ਦੇ ਕਲੌਂਡਾਈਕ ਖੇਤਰ ਵਿਚ ਸੋਨੇ ਦੀਆਂ ਖਾਣਾਂ ਮਿਲੀਆਂ ਅਤੇ 1920 ਵਿਚ ਉੱਤਰ-ਪੱਛਮੀ ਇਲਾਕੇ ਵਿਚ ਤੇਲ ਦੀ ਲੱਭਤ ਹੋਈ।

ਵੀਹਵੀਂ ਸਦੀ ਦੇ ਅਰੰਭ ਵਿਚ ਸਭ ਤੋਂ ਵੱਡਾ ਪੋਟਲਾਚ ਨਾਚ ਯੂਕੋਨ ਦੇ ਕੁਰਕਰਾਸ ਵਿਖੇ ਆਯੋਜਿਤ ਕੀਤਾ ਗਿਆ ਸੀ ਜਿਸ ਲਈ ਅੰਸ਼ਕ ਤੌਰ ਤੇ ਸੋਨੇ ਦੀਆਂ ਖਾਣਾਂ ਲੱਭਣ ਵਾਲੇ ਸਕੂਕਮ ਜਿਮ ਤੋਂ ਮਾਇਕ ਸਹਾਇਤਾ ਮਿਲੀ ਸੀ। ਸਾਰੇ ਨਾ-ਡੈਨੇ ਗਰੁਪਾਂ ਅੰਦਰ ਕਈ ਕਿਸਮ ਦੀਆਂ ਲੋਕ-ਰਵਾਇਤਾਂ ਪ੍ਰਚਲਤ ਹਨ। ਇਨ੍ਹਾਂ ਕੋਲ ਕਹਾਣੀਆਂ ਸੁਨਾਉਣ ਵਾਲੇ ਮਾਹਿਰ ਕਥਾਕਾਰ ਹਨ। ਹਰੇਕ ਗਰਮੀ ਦੀ ਰੁੱਤੇ ਵ੍ਹਾਈਟ ਹੌਰਸ ਵਿਖੇ ਕਹਾਣੀਆਂ ਸੁਨਾਉਣ ਦਾ ਅੰਤਰਰਾਸ਼ਟਰੀ ਮੇਲਾ ਲਗਦਾ ਹੈ ਜਦੋਂ ਸਾਰੇ ਧਰੁਵੀ ਉੱਤਰ ਦੇ ਇਲਾਕਿਆਂ ਤੋਂ ਨੇਟਿਵ ਲੋਕ ਪੇਸ਼ਕਾਰੀਆਂ ਕਰਦੇ ਹਨ। ਨਾਰਥ-ਵੈਸਟ ਟੈਰੀਟਰੀਜ਼ ਨੇ ਪੰਜ ਅਥਾਬਾਸਕਨ ਭਾਸ਼ਾਵਾਂ ਨੂੰ ਅੰਗ੍ਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਦੇ ਬਰਾਬਰ ਸਰਕਾਰੀ ਮਾਨਤਾ ਦਿੱਤੀ ਹੈ। ਯੂਰਪੀਨ ਵਪਾਰੀਆਂ, ਆਬਾਦਕਾਰਾਂ ਅਤੇ ਪ੍ਰਚਾਰਕਾਂ ਦੇ ਦਖਲ ਕਾਰਨ ਇਨ੍ਹਾਂ ਮੂਲਨਿਵਾਸੀਆਂ ਦੇ ਰਵਾਇਤੀ ਸਭਿਆਚਾਰ, ਰੋਜ਼ਾਨਾ ਜੀਵਨ, ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤੌਰ-ਤਰੀਕਿਆਂ ਵਿਚ ਵਿਗਾੜ ਆਇਆ, ਜਿਸ ਦਾ ਸਦਕਾ ਇਨ੍ਹਾਂ ਕਬੀਲਿਆਂ ਅੰਦਰ ਸਮਾਜਿਕ ਸਮੱਸਿਆਵਾਂ ਪੈਦਾ ਹੋਈਆਂ, ਜਿਵੇਂ ਸ਼ਰਾਬਨੋਸ਼ੀ, ਪਰਿਵਾਰਾਂ ਦਾ ਟੁੱਟਣਾ, ਘਰੇਲੂ ਹਿੰਸਾ, ਨਾ-ਬਾਲਗ ਖ਼ੁਦਕੁਸ਼ੀਆਂ ਵਗੈਰਾ।

**ਸੈਲਿਸ਼** - ਸੈਲਿਸ਼ ਭਾਸ਼ਾ ਪਰਿਵਾਰ ਦੀਆਂ ਬੋਲੀਆਂ ਬੋਲਣ ਵਾਲੇ ਲੋਕ ਬ੍ਰਿਟਿਸ਼ ਕੋਲੰਬੀਆ, ਵਾਸ਼ਿੰਗਟਨ ਸਟੇਟ ਅਤੇ ਇਡਾਹੋ ਵਿਚ ਰਹਿੰਦੇ ਹਨ। ਇਸ ਪਰਿਵਾਰ ਵਿਚ ਤਟੀ ਸੈਲਿਸ਼ ਅਤੇ ਅੰਦਰੂਨੀ ਸੈਲਿਸ਼ ਸ਼ਾਮਲ ਹਨ। ਅੱਗੋਂ ਅੰਦਰੂਨੀ ਕੈਨੇਡੀਅਨ ਸੈਲਿਸ਼ ਦੀਆਂ ਚਾਰ ਭਾਸ਼ਾਵਾਂ ਹਨ – ਲਿਲੂਇਤ, ਥੌਂਪਸਨ, ਓਕਾਨਾਗਨ-ਕੋਲਵਿਲ ਅਤੇ ਸ਼ੁਸਵੈਪ। ਬ੍ਰਿਟਿਸ਼ ਕੋਲੰਬੀਆ ਦੀਆਂ ਤਟੀ ਸੈਲਿਸ਼ ਭਾਸ਼ਾਵਾਂ ਹਨ – ਕੌਮਾਕ, ਪੈਂਟਲਾਚ, ਸ਼ੀਸ਼ੈਲਟ, ਸਕੁਆਮਿਸ਼, ਹਾਲਕੂਮੈਲਮ, ਬੈਲਾ ਕੂਲਾ ਅਤੇ ਨੁਕਸਕ। ਫ਼ਰੇਜ਼ਰ ਕੈਨੀਅਨ ਅਤੇ ਲੋਅਰ ਫ਼ਰੇਜ਼ਰ ਵਿਖੇ ਮਿਲੀਕਨ ਦੇ ਸਥਾਨ ਤੇ ਨੌਂ ਹਜ਼ਾਰ ਸਾਲ ਪੁਰਾਣੇ ਕੁੱਝ ਪੱਥਰ ਦੇ ਸੰਦ ਮਿਲੇ ਹਨ। ਇਹ ਲੋਕ ਵੀ ਆਪਣੇ ਲੋਕ-ਨਾਚ ਦੇ ਤਿਉਹਾਰ ਰੂਹਾਂ ਖਾਤਰ ਮਨਾਉਂਦੇ ਹਨ।

ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਇਲਾਕਿਆਂ ਵਿਚ ਜੱਤ ਦੇ ਵਪਾਰੀ ਸਪੇਨ ਅਤੇ ਬਰਤਾਨਆਂ ਤੋਂ ਆਉਣੇ ਸ਼ੁਰੂ ਹੋਏ। ਉਨ੍ਹਾਂ ਦੇ ਨਾਲ ਹੀ ਆਈਆਂ ਨਾ-ਮੁਰਾਦ ਬੀਮਾਰੀਆਂ – 1782, 1824, 1862 ਵਿਚ ਚੇਚਕ, 1848 ਵਿਚ ਖਸਰਾ। ਇਸ ਤੋਂ ਵੀ ਮਾੜੀ ਅਲਾਮਤ ਆਈ ਰਿਹਾਇਸ਼ੀ ਸਕੂਲਾਂ ਵਿਚ ਬੱਚਿਆਂ ਦੀ ਨਸਲਕੁਸ਼ੀ।

**ਸੂਵਿਨ** - ਕੈਨੇਡਾ ਦੇ ਪ੍ਰਮੁੱਖ ਸੂਵਿਨ ਫ਼ਸਟ ਨੇਸ਼ਨ ਡਕੋਟਾ, ਨਕੋਟਾ ਅਤੇ ਲਕੋਟਾ ਹਨ। ਕੇਂਦਰੀ ਅਤੇ ਉੱਤਰੀ ਗਰੁਪਾਂ ਵਿਚ ਮੈਂਡਨ, ਹਿਦਾਤਸਾ, ਕਰੋਅ, ਚਾਇਵਿਅਰ, ਦੇਜੀਹਾ, ਸੀਊ,( ਡਕੋਟਾ ਅਤੇ ਲਕੋਟਾ )ਅਤੇ ਅਸਨੀਬੋਇਨ (ਨਕੋਟਾ) ਸ਼ਾਮਲ ਹਨ। ਇਨ੍ਹਾਂ ਵਿੱਚੋਂ ਨਕੋਟਾ ਸਸਕੈਚਵਨ ਅਤੇ ਅਲਬਰਟਾ ਵਿਚ ਰਹਿੰਦੇ ਹਨ। ਲਕੋਟਾ ਕਬੀਲੇ ਦੇ ਲੋਕ ਚੀਫ਼ ਸਿਟਿੰਗ ਬੁੱਲ ਦੇ ਪੈਰੋਕਾਰ ਹਨ ਜਿਹੜੇ 1876 ਦੀ ਛੋਟੇ ਬਿਗ ਹੌਰਨ, ਮੌਂਟਾਨਾ ਦੀ ਲੜਾਈ ਤੋਂ ਬਾਦ ਦੇ ਕੈਨੇਡਾ ਵਿਚ ਰਹਿੰਦੇ ਆਏ ਹਨ। ਡਕੋਟਾ 1860ਵਿਆਂ ਤੋਂ ਕੈਨੇਡਾ ਅੰਦਰ ਰਹਿ ਰਹੇ ਹਨ। ਇਨ੍ਹਾਂ ਦੇ ਚਾਰ ਰਿਜ਼ਰਵ ਮੈਨੀਟੋਬਾ ਅਤੇ ਤਿੰਨ ਸਸਕੈਚਵਨ ਵਿਚ ਹਨ। ਮੈਨੀਟੋਬਾ ਵਿਚਲੇ ਰਿਜ਼ਰਵ ਹਨ – ਬਰਡਟੇਲ, ਡਕੋਟਾ ਵੈਲੀ (ਪੁਰਾਣਾ ਨਾਂ ਓਕ ਰਿਵਰ), ਓਕ ਲੇਕ ਅਤੇ ਡਕੋਟਾ ਟੀਪੀ (ਪੁਰਾਣਾ ਨਾਂ ਲੌਂਗ ਪਲੇਨ)। ਸਸਕੈਚਵਨ ਦੇ ਰਿਜ਼ਰਵਾਂ ਦੇ ਨਾਂ ਹਨ – ਪ੍ਰਿੰਸ ਅਲਬਰਟ ਦੇ ਉੱਤਰ ਵਿਚ ਵਾਹਪੈਟਨ, ਸਸਕਾਟੂਨ ਤੋਂ 25 ਕਿਲੋਮੀਟਰ ਦੱਖਣ ਵੱਲ ਮੂਜ਼ ਵੁੱਡਜ਼ ਅਤੇ ਫੋਰਟ ਕਵਾਪੈਲ। ਧੁਰ ਦੱਖਣ-ਪੱਛਮ ਸਸਕੈਚਵਨ ਅੰਦਰ ਚੌਥਾ ਰਿਜ਼ਰਵ ਵੁੱਡ ਮਾਊਂਟੇਨ ਲਕੋਟਾ ਦੀ ਮਲਕੀਅਤ ਹੈ। ਨਕੋਟਾ ਰਿਜ਼ਰਵ 'ਕੈਰੀ ਦ ਕੈਟਲ' ਰਿਜਾਈਨਾ ਤੋਂ ਕੋਈ 100 ਕਿਲੋਮੀਟਰ ਪੂਰਬ ਵੱਲ ਸਿੰਤਾਲੂਤਾ ਦੇ ਨੇੜੇ ਹੈ। ਕੁਛ ਲਕੋਟਾ ਕਬੀਲੇ ਰਿਜਾਈਨਾ ਤੋਂ 200 ਕਿਲੋਮੀਟਰ ਦੱਖਣ-ਪੂਰਬ ਵੱਲ ਕਾਰਲਾਇਲ ਦੇ ਨੇੜੇ ਵ੍ਹਾਈਟ ਬੀਅਰ ਰਿਜ਼ਰਵ ਵਿਚ ਰਹਿੰਦੇ ਹਨ ਜਿੰਨ੍ਹਾਂ ਨਾਲ ਕੁੱਝ ਡਕੋਟਾ, ਕਰੀਅ ਅਤੇ ਸੌਲਟਿਊ ਕਬੀਲਿਆਂ ਦੇ ਲੋਕ ਵੀ ਰਹਿੰਦੇ ਹਨ। ਬੈਟਲਫੋਰਡ ਦੇ ਦੱਖਣ ਵਿਚ ਸਥਿਤ ਰਿਜ਼ਰਵ ਵਿਚ ਮਾਸਕੀਟੋ ਬੈਂਡ ਵਿਚ ਨਕੋਟਾ ਅਤੇ ਕਰੀਅ ਹਨ। ਅਲਬਰਟਾ ਵਿਚ ਜਰਨੈਲੀ ਸੜਕ (ਹਾਈਵੇ-1) ਤੋਂ ਜ਼ਰਾ ਕੁ ਉੱਤਰ ਵੱਲ ਕੌਕਰੇਨ ਦੇ ਪੂਰਬ ਵੱਲ ਮੌਰਲੇ ਵਿਖੇ ਸਭ ਤੋਂ ਵੱਡਾ ਨਕੋਟਾ ਰਿਜ਼ਰਵ ਹੈ। ਕੁਛ ਰਿਜ਼ਰਵ ਈਡਨ ਵੈਲੀ ਅਤੇ ਬਿਗ ਹੌਰਨ ਵਿਚ ਹਨ। ਵਡੇਰੇ ਸੂਵਿਨ ਨੇਸ਼ਨ ਦੀਂ ਸਭਿਆਚਾਰਕ ਅਤੇ ਸਿਆਸੀ ਪੱਖ ਤੋਂ ਸ਼੍ਰੇਣੀ-ਵੰਡ ਜਮਾਤਾਂ ਓਸੈਟੀ ਸਾਕੋਵਿਨ ਜਾਂ ਸੈਵਨ ਕੌਂਸਿਲ ਫਾਇਰਜ਼ ਹਨ। ਪਹਿਲੀਆਂ ਚਾਰ ਵਿਚ ਸਿਸੀਤੋਨਵਨ, ਵਾਹਪੀਤੋਨਵਨ, ਮੋਲਵਾਕਨਤੋਨਵਨ ਅਤੇ ਵਾਹਪੀਕੁਤ ਹਨ ਜਿਨ੍ਹਾਂ ਨੂੰ ਸਮੁੱਚੇ ਰੂਪ ਵਿਚ ਡਕੋਟਾ ਬੋਲਣ ਵਾਲੀਆਂ 'ਸੈਂਟੀ' ਵਜੋਂ ਜਾਣਿਆ ਜਾਂਦਾ ਹੈ। ਪੰਜਵੀਆਂ ਤੇ ਛੇਵੀਆਂ ਇਹਾਨਕਤੋਨਵਨ ਅਤੇ ਦਾਨਕਤੋਨਵਨਾ ਨਕੋਟਾ ਬੋਲਣ ਵਾਲੀਆਂ ਹਨ। ਸੱਤਵੀਂ ਟੀਟਨਵਨ ਲਕੋਟਾ ਬੋਲਣ ਵਾਲੀ ਹੈ। ਸਸਕੈਚਵਨ ਵਿਚਲੇ ਨਕੋਟਾ ਦੇ ਵ੍ਹਾਈਟ ਬੀਅਰ ਕੈਰੀ ਕੈਟਲ ਬੈਂਡ ਨੇ 1874 ਦੀ ਸੰਧੀ-4 ਕੀਤੀ ਸੀ ਅਤੇ ਮਾਸਕੀਟੋ ਬੈਂਡ ਨੇ 1876 ਵਿਚ ਸੰਧੀ-6 ਤੇ ਦਸਤਖਤ ਕੀਤੇ ਸਨ। ਸੰਧੀ-6 ਦੀ ਜੱਦ ਵਿਚ ਅਲਬਰਟਾ ਵਿਚਲੇ ਐਡਮੰਟਨ ਤੋਂ ਪੱਛਮ ਵੱਲ ਦੋ ਨਕੋਟਾ ਰਿਜ਼ਰਵ ਵੀ ਆਉਂਦੇ ਹਨ। ਡਕੋਟਾ ਅਤੇ ਨਕੋਟਾ ਦੇ ਕੁੱਝ ਰੂਹਾਨੀ ਵਿਸ਼ਵਾਸ ਆਪਸ ਵਿਚ ਮਿਲਦੇ ਹਨ। ਡਕੋਟਾ ਲੋਕ ਵਾਕਨ ਮੱਤ ਨੂੰ ਮੰਨਦੇ ਹਨ ਜਿਹੜਾ ਰੂਹਾਨੀ ਬਲ, ਸ਼ਕਤੀ ਅਤੇ ਪਵਿੱਤਰਤਾ ਦਾ ਸੁਮੇਲ ਹੈ। ਉਨ੍ਹਾਂ ਮੁਤਾਬਕ ਵਾਕਨ ਕੁਦਰਤ ਅੰਦਰ ਸਮਾਇਆ ਹੋਇਆ ਹੈ। ਸੂਵਿਨ ਲੋਕ ਮਹਾਨ ਵਾਕਨ-ਟਾਂਕਾ ਨਾਂ ਦੀ ਸਰਵੋਤਮ ਹਸਤੀ ਵਿਚ ਵਿਸ਼ਵਾਸ ਰਖਦੇ ਹਨ ਜਿਸ ਮੁਤਾਬਕ ਸਾਰੀ ਕੁਦਰਤ ਨੂੰ ਸਤਿਕਾਰ ਸਹਿਤ ਮਨਿਆਂ ਜਾਂਦਾ ਹੈ। ਮਨੁੱਖਾਂ ਨੂੰ ਕੁਦਰਤ ਨਾਲੋਂ ਨੀਵੇਂ ਸਮਝਿਆ ਜਾਂਦਾ ਹੈ।

**ਸਿਮਸ਼ੀਅਨ** - ਇਹ ਲੋਕ ਤਿੰਨ ਉੱਤਰ-ਪੱਛਮੀ ਤਟ ਦੇ ਸੰਬੰਧਤ ਨੇਸ਼ਨਾਂ ਨਾਲ ਤੁਅੱਲਕ ਰਖਦੇ ਹਨ। ਇਨ੍ਹਾਂ ਵਿੱਚੋਂ ਗਿਟਕਸਨ, ਨਿਸਗਾ ਅਤੇ ਸਿਮਸ਼ੀਅਨ ਉੱਤਰ-ਪੱਛਮੀ ਬ੍ਰਿਟਿਸ਼ ਕੋਲੰਬੀਆ ਵਿਚ ਅਲਾਸਕਾ ਤੋਂ ਹੇਠਾਂ ਗੁਆਂਢਪੁਣੇ ਵਿਚ ਰਹਿੰਦੇ ਹਨ। ਉਨ੍ਹਾਂ ਦੀ ਬੋਲੀ ਵਿਚ ਗਿਟਕਸਨ ਦਾ ਅਰਥ ਹੈ –ਸਕੀਨਾ ਦਰਿਆ ਦੇ ਲੋਕ'।

**ਵਾਕਾਸ਼ਨ** - ਇਨ੍ਹਾਂ ਦਾ ਰਹਿਣ-ਖੇਤਰ ਉੱਤਰੀ ਤੇ ਪੱਛਮੀ ਵੈਨਕੂਵਰ ਟਾਪੂ ਸਣੇ ਬ੍ਰਿਟਿਸ਼ ਕੋਲੰਬੀਆ ਦਾ ਮੱਧ ਤਟੀ ਇਲਾਕਾ ਹੈ। ਕੈਨੇਡਾ ਅੰਦਰ ਇਨ੍ਹਾਂ ਦੇ ਕਬੀਲੇ ਉੱਤਰੀ ਵਾਕਾਸ਼ਨ,ਨੂ-ਚਾਹ ਅਤੇ ਡੀਟੀਡਾਹਟ ਹਨ। ਇਨ੍ਹਾਂ ਲੋਕਾਂ ਦਾ ਪਹਿਲਾ ਸੰਪਰਕ ਨੂ-ਚਾਹ ਨੁਲਥ ਕਿਸ਼ਤੀ ਰਾਹੀਂ 1774 ਵਿਚ ਇੱਕ ਸਪੇਨੀ ਸਮੁੰਦਰੀ ਜਹਾਜ਼ ਨਾਲ ਹੋਇਆ ਸੀ।

# ਟਾਇਰਾਂ ਤੇ ਪੈਰਾਂ ਦਾ ਵੈਰੀ ਸਾਹਿਤਕਾਰ : ਗੁਲਜ਼ਾਰ ਸਿੰਘ ਸ਼ੌਂਕੀ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਗੁਲਜ਼ਾਰ ਸਿੰਘ ਸ਼ੌਂਕੀ ਦਿਨ ਵੇਲੇ ਕਦੀਂ ਵੀ ਧੂਰੀ ਆਪਣੇ ਘਰ ਨਹੀਂ ਮਿਲੇਗਾ। ਇਉਂ ਮਹਿਸੂਸ ਹੁੰਦਾ ਜਿਵੇਂ ਉਸ ਦੇ ਪੈਰਾਂ ਹੇਠ ਕੋਈ ਪਹੀਆ ਲੱਗਿਆ ਹੋਇਆ ਹੈ, ਜਿਹੜਾ ਉਸ ਨੂੰ ਟਿਕਣ ਨਹੀਂ ਦਿੰਦਾ। ਆਪਣੇ ਘਰ ਤਾਂ ਉਹ ਬਿਮਾਰੀ ਠਮਾਰੀ ਨੂੰ ਹੀ ਮਿਲਦਾ ਹੈ। ਜੇਕਰ ਉਸ ਨੂੰ ਪਤਾ ਲੱਗ ਜਾਵੇ ਕਿ ਕੋਈ ਗਾਇਕ/ਰਾਗੀ/ਢਾਡੀ/ਸੰਗੀਤਕਾਰ ਪ੍ਰੋਗਰਾਮ ਦੇਣ ਲਈ ਆਇਆ ਹੈ/ਕਿਸੇ ਸਾਹਿਤ ਸਭਾ ਦੀ ਮੀਟਿੰਗ ਹੈ/ਕੋਈ ਪੁਸਤਕ ਲੋਕ ਅਰਪਨ ਹੋ ਰਹੀ ਹੈ/ਕੋਈ ਵੀ ਸਾਹਿਤਕ ਪ੍ਰੋਗਰਾਮ ਹੈ/ਮੁਲਾਜ਼ਮ ਸੰਘਰਸ਼ ਹੋਵੇ/ਕਵੀ ਦਰਬਾਰ ਹੋਵੇ/ਜਲਸਾ ਜਲੂਸ ਹੋਵੇ/ਧਾਰਮਿਕ ਦੀਵਾਨ ਹੋਵੇ ਤਾਂ ਉਸ ਨੇ ਤੁਰੰਤ ਆਪਣਾ ਸਾਈਕਲ ਚੁੱਕ ਕੇ ਤੁਰ ਪੈਣਾ ਹੈ। ਜੇ ਸਮਾਗਮ ਦੂਰ ਹੋਵੇ ਤਾਂ ਬੱਸ ਚੜ੍ਹਕੇ ਪਹੁੰਚ ਜਾਣਾ ਹੈ। ਪਹੁੰਚਣਾ ਹਰ ਹਾਲਤ ਵਿੱਚ ਹੈ, ਭਾਵੇਂ ਪਰਿਵਾਰ ਵਿੱਚ ਕਿਤਨਾ ਹੀ ਜ਼ਰੂਰੀ ਕੰਮ ਹੋਵੇ। ਵੇਖਣ ਵਾਲੇ ਨੂੰ ਉਹ ਧਾਰਮਿਕ ਪ੍ਰਚਾਰਕ ਲੱਗਦਾ ਹੈ। ਉਸ ਦੇ ਹੱਥ ਵਿੱਚ ਕਾਪੀ ਪੈਨ ਜ਼ਰੂਰ ਹੋਵੇਗਾ। ਜੇਕਰ ਸ਼ੌਂਕੀ ਨੂੰ ਲੱਭਣਾ ਹੋਵੇ ਤਾਂ ਉਪਰੋਕਤ ਸਮਾਗਮਾਂ ਵਿੱਚੋਂ ਲੱਭਿਆ ਜਾ ਸਕਦਾ ਹੈ। ਆਪਣੇ ਘਰ ਉਹ ਰਾਤ ਕੱਟਣ ਹੀ ਆਉਂਦਾ ਹੈ। ਪ੍ਰੋਗਰਾਮਾ 'ਤੇ ਦਲੀਲ ਨਾਲ ਬਹਿਸ ਵੀ ਕਰਦਾ ਹੈ। ਇਹ ਉਸ ਦਾ ਸ਼ੌਂਕ ਹੈ। ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ। ਸ਼ੌਂਕ ਦੀ ਪੂਰਤੀ ਲਈ ਕਈ ਵਾਰ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਹੁੰਦੀ ਹੈ। ਉਹ ਇਹੋ ਕੰਮ ਕਰਦਾ ਹੈ। ਸ਼ੌਂਕ ਇਨਸਾਨ ਨੂੰ ਕਦੇ ਟਿਕ ਕੇ ਬੈਠਣ ਨਹੀਂ ਦਿੰਦਾ। ਅਜਿਹਾ ਹੀ ਇਕ ਵਿਅਕਤੀ ਗੁਲਜ਼ਾਰ ਸਿੰਘ ਸ਼ੌਂਕੀ ਹੈ, ਜਿਸ ਨੂੰ ਗੀਤਕਾਰਾਂ ਅਤੇ ਗਾਇਕਾਂ ਨਾਲ ਲਾਊਡ ਸਪੀਕਰ ਲਗਾਉਂਦਿਆਂ ਮਿਲਣ ਦੇ ਮੌਕੇ ਮਿਲਦੇ ਰਹੇ ਅਤੇ ਗੀਤ ਲਿਖਣ ਦੀ ਚੇਟਕ ਲੱਗ ਗਈ। ਉਹ ਇਨ੍ਹਾਂ ਗਾਇਕਾਂ ਅਤੇ ਗੀਤਕਾਰਾਂ ਦੇ ਗੀਤ ਸੁਣਨ ਲਈ ਬੱਸਾਂ 'ਤੇ ਚੜ੍ਹਕੇ ਰਾਤ ਬਰਾਤੇ 70-80 ਮੀਲ ਦਾ ਸਫਰ ਤਹਿ ਕਰਕੇ ਪਹੁੰਚਦਾ ਰਿਹਾ ਅਤੇ ਫਿਰ ਵਾਪਸ ਮੁੜਕੇ ਰੋਜ਼ੀ ਰੋਟੀ ਲਈ ਕੰਮ ਕਰਦਾ ਸੀ। ਉਹ ਭੰਬੀਰੀ ਵਾਂਗੂੰ ਭੱਜਿਆ ਫਿਰਦਾ ਰਹਿੰਦਾ ਹੈ। ਉਹ ਇਕ ਸਾਧਾਰਣ ਮਜ਼ਦੂਰ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਇਕ ਸਾਧਾਰਣ ਕਰਮਚਾਰੀ ਹੁੰਦਿਆਂ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦਾ ਵੀ ਉਹ ਕਲਮ ਦਾ ਸਾਥ ਨਹੀਂ ਛੱਡਦਾ। ਉਸ ਨੇ ਸਾਹਿਤਕ ਖੇਤਰ ਵਿੱਚ ਆਪਣੀ ਪਛਾਣ ਬਣਾ ਲਈ ਹੈ। ਉਸ ਦੀ ਦੋਸਤੀ ਦਾ ਘੇਰਾ ਵੀ ਵਿਸ਼ਾਲ ਹੈ। ਵਿਦਵਾਨਾਂ ਤੋਂ ਲੈ ਕੇ ਆਮ ਪਾਠਕ ਤੇ ਸਰੋਤੇ ਨਾਲ ਬਾਵਾਸਤਾ ਰਹਿੰਦਾ ਹੈ। ਪਿਤਾ ਭਗਵਾਨ ਸਿੰਘ ਗੁਰੂ ਦੇ ਸੱਪ ਲੜਨ ਕਰਕੇ ਅਪਾਹਜ ਹੋਣ ਤੋਂ ਬਾਅਦ ਪਰਿਵਾਰ ਦਾ ਗੁਜ਼ਾਰਾ ਤੋਰਨ ਲਈ ਉਹ 13 ਸਾਲ ਦੀ ਛੋਟੀ ਉਮਰ ਵਿੱਚ ਹੀ ਕਾਰਜ਼ਸ਼ੀਲ ਹੋ ਗਿਆ ਸੀ। ਉਹ ਧੂਰੀ ਮਿਲ ਵਿੱਚ ਦਿਹਾੜੀਦਾਰੀ, ਪੀ.ਡਬਲੀਊ ਵਿੱਚ ਮੇਟੀ, ਬਿਜਲੀ ਬੋਰਡ ਵਿੱਚ ਬਿਜਲੀ ਦੇ ਖੰਬੇ ਗੱਡਣ, ਕੱਪੜਾ ਬੁਣਨ, ਮਜ਼ਦੂਰੀ, ਬੇਲਦਾਰੀ ਅਤੇ ਪੱਲੇਦਾਰੀ ਕਰਦਾ ਰਿਹਾ। ਪ੍ਰੰਤੂ ਗੀਤਾਂ ਦੀ ਚੇਟਕ ਉਸ ਨੂੰ ਸਤਾਉਂਦੀ ਰਹੀ, ਜਿਸ ਕਰਕੇ ਆਪਣਾ ਗਾਇਕੀ ਦਾ ਮਸ ਪੂਰਾ ਕਰਨ ਲਈ ਉਸ ਨੇ ਇਕ ਕਵੀਸ਼ਰੀ ਜੱਥਾ ਬਣਾ ਲਿਆ। ਕੁਝ ਸਮਾਂ ਉਹ ਕਵੀਸ਼ਰੀ ਵੀ ਕਰਦਾ ਰਿਹਾ। 12 ਸਾਲ ਦੀ ਉਮਰ ਵਿੱਚ 1960 ਵਿੱਚ ਇੱਕ ਲਾਊਡ ਸਪੀਕਰ ਵਾਲੇ ਨੇ ਪੱਕੇ ਤੌਰ 'ਤੇ 30 ਰੁਪਏ ਮਹੀਨਾ ਨੌਕਰੀ 'ਤੇ ਰੱਖ ਲਿਆ। ਇਸ ਸਮੇਂ ਦੌਰਾਨ ਉਸ ਦਾ ਸੰਪਰਕ ਗਾਇਕਾਂ ਅਤੇ ਗੀਤਕਾਰਾਂ ਨਾਲ ਵੱਧ ਗਿਆ। ਗਾਇਕਾਂ ਅਤੇ ਗੀਤਕਾਰਾਂ ਦੇ ਮੇਲ ਮਿਲਾਪ ਨੇ ਉਸ ਵਿੱਚ ਗੀਤਕਾਰ ਤੇ ਵਾਰਤਕਕਾਰ ਬਣਨ ਦਾ ਅਜਿਹਾ ਸ਼ੌਂਕ ਪੈਦਾ ਕਰ ਦਿੱਤਾ ਕਿ ਮੁੜ ਕੇ ਉਸ ਨੇ ਪਿੱਛੇ ਨਹੀਂ ਵੇਖਿਆ। ਸਭ ਤੋਂ ਪਹਿਲਾਂ ਉਸ ਦਾ ਮੇਲ ਪ੍ਰਸਿੱਧ ਗੀਤਕਾਰ ਮਰਹੂਮ ਗੁਰਦੇਵ ਸਿੰਘ ਮਾਨ ਨਾਲ ਹੋਇਆ ਸੀ, ਜਿਹੜਾ ਜਿਲ੍ਹਾ ਲੋਕ ਸੰਪਰਕ ਦਫ਼ਤਰ ਸੰਗਰੂਰ ਵਿੱਚ ਡਰਾਮਾ ਇਨਸਪੈਕਟਰ ਲੱਗਿਆ ਹੋਇਆ ਸੀ। ਗੀਤਕਾਰ ਗੁਰਦੇਵ ਸਿੰਘ ਮਾਨ ਨੂੰ ਉਸ ਨੇ ਗੁਰੂ ਧਾਰ ਲਿਆ।



ਗੁਰਦੇਵ ਸਿੰਘ ਮਾਨ ਮਾਲੇਰਕੋਟਲਾ ਅਤੇ ਸ਼ੌਂਕੀ ਧੂਰੀ ਰਹਿੰਦਾ ਸੀ। ਫਿਰ ਗੁਲਜ਼ਾਰ ਸਿੰਘ ਸ਼ੌਂਕੀ ਦਾ ਡੇਰਾ ਗੁਰਦੇਵ ਸਿੰਘ ਮਾਨ ਦੇ ਘਰ ਮਾਲੇਰਕੋਟਲਾ ਵਿਖੇ ਲੱਗ ਗਿਆ। ਹਰ ਰੋਜ਼ ਬਿਨਾ ਨਾਗਾ ਰਾਤ ਨੂੰ ਮਾਲੇਰਕੋਟਲਾ ਤੇ ਸਵੇਰ ਵਾਪਸ ਆ ਕੇ ਕੰਮ ਕਾਰ ਲੱਗ ਜਾਂਦਾ ਸੀ। ਗੁਰਦੇਵ ਸਿੰਘ ਮਾਨ ਦੀਆਂ ਜਿਹੜੀਆਂ ਪੁਸਤਕਾਂ ਪ੍ਰਕਾਸ਼ਤ ਹੁੰਦੀਆਂ ਸਨ, ਉਨ੍ਹਾਂ ਦੇ ਪ੍ਰੂਫ ਪੜ੍ਹਨ ਦਾ ਮੌਕਾ ਮਿਲਦਾ ਰਿਹਾ। ਫਿਰ ਉਸ ਦੀ ਦਿਲਚਸਪੀ ਸਾਹਿਤਕਾਰ ਬਣਨ ਦੀ ਵੱਧਦੀ ਗਈ। ਉਸ ਨੇ ਸੱਥਾਂ ਵਿੱਚ ਗਾਉਣਾ ਸ਼ੁਰੂ ਕੀਤਾ, ਜਿਥੋਂ ਉਸ ਨੂੰ ਇਨਾਮ ਮਿਲਣ ਲੱਗੇ। ਸ਼ੁਰੂ ਵਿੱਚ ਉਹ ਧਾਰਮਿਕ ਗੀਤ ਲਿਖਦਾ ਸੀ। ਲਾਊਡ ਸਪੀਕਰ ਲਾਉਣ ਤੋਂ ਜਦੋਂ ਵਿਹਲਾ ਹੁੰਦਾ ਸੀ ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੌਲ ਵੀ ਲਾਉਂਦਾ ਸੀ ਕਿਉਂਕਿ ਪਰਿਵਾਰ ਦਾ ਵੱਡਾ ਪੁਤਰ ਹੋਣ ਕਰਕੇ ਗੁਜ਼ਾਰਾ ਉਸ ਉਪਰ ਹੀ ਨਿਰਭਰ ਸੀ। ਗੁਰਦੇਵ ਸਿੰਘ ਮਾਨ ਨਾਲ ਉਹ ਕਵੀ ਦਰਬਾਰਾਂ ਵਿੱਚ ਜਾਣ ਲੱਗ ਪਿਆ, ਜਿਥੋਂ ਉਸ ਨੂੰ ਉਤਸ਼ਾਹ ਮਿਲਿਆ। ਪਹਿਲਾਂ ਉਹ ਆਪਣੇ ਨਾਮ ਨਾਲ ਰਾਹੀ ਲਿਖਦਾ ਸੀ ਜੋ ਉਸ ਤੇ ਬਹੁਤ ਢੁਕਦਾ ਸੀ ਕਿਉਂਕਿ ਬਹੁਤਾ ਸਮਾਂ ਉਹ ਰਾਹਾਂ ਵਿੱਚ ਹੀ ਗੁਜ਼ਾਰਦਾ ਸੀ। ਪ੍ਰੰਤੂ ਗੁਰਦੇਵ ਸਿੰਘ ਮਾਨ ਨੇ ਉਸ ਦੇ ਸ਼ੌਂਕ ਨੂੰ ਮੁੱਖ ਰੱਖਦਿਆਂ ਉਸ ਨੂੰ ਸ਼ੌਂਕੀ ਬਣਾ ਦਿੱਤਾ। ਉਸ ਤੋਂ ਬਾਅਦ ਸੰਗੀਤਕਾਰ ਜਸਵੰਤ ਸਿੰਘ ਭੰਵਰਾ, ਹਰਚਰਨ ਗਰੇਵਾਲ ਅਤੇ ਕਰਨੈਲ ਗਿੱਲ ਨਾਲ ਦੋਸਤੀ ਅਜਿਹੀ ਪਈ ਜਿਸ ਨੇ ਉਸ ਨੂੰ ਜੀਵਨੀਕਾਰ, ਕਵੀ, ਗ਼ਜ਼ਲਗੋ, ਨਾਟਕਕਾਰ, ਗੀਤਕਾਰ ਅਤੇ ਵਾਰਤਕਕਾਰ ਬਣਾ ਦਿੱਤਾ। ਇਸ ਸਮੇਂ ਦੌਰਾਨ ਹੀ ਉਸ ਦੀ ਨੌਕਰੀ ਅਕਤੂਬਰ 1975 ਵਿੱਚ ਸਿਖਿਆ ਵਿਭਾਗ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਲੱਗ ਗਈ। ਨੌਕਰੀ ਦੌਰਾਨ ਹੀ ਉਸ ਨੇ 1985 ਵਿੱਚ ਪ੍ਰਾਈਵੇਟਲੀ ਦਸਵੀਂ ਪਾਸ ਕਰ ਲਈ। ਉਸ ਦਾ ਤਾਲਮੇਲ ਸੁਪ੍ਰਸਿੱਧ ਵਿਦਵਾਨ ਡਾ.ਤੇਜਵੰਤ ਮਾਨ ਨਾਲ ਹੋ ਗਿਆ। ਡਾ.ਤੇਜਵੰਤ ਮਾਨ ਦੀ ਹੱਲਾਸ਼ੇਰੀ ਨਾਲ ਉਸ ਨੇ ਸਾਹਿਤ ਸਭਾਵਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਉਥੇ ਆਪਣੇ ਗੀਤ ਅਤੇ ਕਵਿਤਾਵਾਂ ਸੁਣਾਉਣ ਦਾ ਮੌਕਾ ਮਿਲਣ ਲੱਗ ਪਿਆ। ਇਸ ਸਮੇਂ ਉਸ ਦੀਆਂ ਕਵਿਤਾ, ਨਾਵਲ, ਓਪੇਰਾ, ਜੀਵਨੀ ਅਤੇ ਵਾਰਤਕ ਦੀਆਂ 36 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 20 ਮੌਲਿਕ ਅਤੇ 16 ਸੰਪਾਦਨਾ ਦੀਆਂ ਹਨ। 5 ਹੋਰ ਪੁਸਤਕਾਂ ਪ੍ਰਕਾਸ਼ਤ ਹੋਣ ਲਈ ਪ੍ਰੈਸਾਂ ਵਿੱਚ ਗਈਆਂ ਹੋਈਆਂ ਹਨ। ਉਸ ਨੇ ਗੀਤਕਾਰ ਗੁਰਦੇਵ ਸਿੰਘ ਮਾਨ, ਹਰਚਰਨ ਗਰੇਵਾਲ, ਕਰਨੈਲ ਗਿੱਲ, ਕੇਸਰ ਸਿੰਘ ਨਰੂਲਾ ਅਤੇ ਮੁਹੰਮਦ ਸਦੀਕ ਦੀਆਂ ਜੀਵਨੀਆਂ ਵੀ ਲਿਖੀਆਂ ਹਨ।

ਉਹ ਚੋਟੀ ਦੇ ਗੀਤਕਾਰਾਂ, ਗਾਇਕਾਂ ਅਤੇ ਸੰਗੀਤਕਾਰਾਂ ਨੂੰ ਮਿਲਦਾ ਰਿਹਾ ਹੈ, ਜਿਨ੍ਹਾਂ ਵਿੱਚ ਗੁਰਦੇਵ ਸਿੰਘ ਮਾਨ, ਹਰਚਰਨ ਗਰੇਵਾਲ, ਸੁਰਿੰਦਰ ਕੌਰ, ਨਰਿੰਦਰ ਬੀਬਾ, ਕਰਨੈਲ ਗਿੱਲ, ਜਸਵੰਤ ਸਿੰਘ ਭੰਵਰਾ, ਚਰਨਜੀਤ ਆਹੂਜਾ, ਸਚਿਨ ਆਹੂਜਾ ਅਤੇ ਦੇਵ ਥਰੀਕਿਆਂ ਵਾਲਾ ਆਦਿ। ਉਸ ਦੀ ਬੋਲੀ ਤੇ ਸ਼ੈਲੀ ਸਰਲ ਲੋਕ ਭਾਸ਼ਾ ਹੈ। ਇਸ ਸ਼ੌਂਕ ਦੀ ਪੂਰਤੀ ਲਈ ਉਸ ਨੂੰ ਆਰਥਿਕ ਮਜ਼ਬੂਰੀਆਂ ਨੇ ਵੀ ਘੇਰਿਆ ਪ੍ਰੰਤੂ ਉਹ ਆਪਣੇ ਸ਼ੌਂਕ ਦੀ ਪੂਰਤੀ ਲਈ ਡੱਟਿਆ ਰਿਹਾ। ਕਰਮਜੀਤ ਸਿੰਘ ਧੂਰੀ ਨੇ ਉਸ ਦੇ 8 ਗੀਤ ਰਿਕਾਰਡ ਕਰਵਾਏ ਹਨ। ਉਸ ਦੇ ਗੀਤ ਸੁਰਿੰਦਰ ਕੌਰ, ਰਣਜੀਤ ਗਿੱਲ ਅਤੇ ਪਰਮਜੀਤ ਪੰਮੀ ਬਾਈ ਨੇ ਵੀ ਗਾਏ ਹਨ। ਉਸ ਦੀ ਗ਼ਜ਼ਲ ਜਿਹੜੀ ਗ਼ਰੀਬ ਅਮੀਰ ਦੇ ਪਾੜੇ ਦਾ ਪ੍ਰਗਟਾਵਾ ਕਰਦੀ ਹੈ, ਉਸ ਦੇ ਸ਼ੇਅਰ ਇਸ ਪ੍ਰਕਾਰ ਹਨ:

ਰੱਜ ਕਮਾਈਆਂ ਕਰਦੇ ਲੋਕ, ਤਾਂ ਵੀ ਭੁੱਖੇ ਮਰਦੇ ਲੋਕ।
ਦੂਜੇ ਦਾ ਹੱਕ ਦੱਬ ਲੈਂਦੇ ਨੇ, ਇਹ ਨਾ ਭੋਰਾ ਡਰਦੇ ਲੋਕ।
ਟੱਬਰ ਪਾਲਣਾ ਔਖਾ ਹੋਇਆ, ਮਹਿੰਗਾਈ ਤੋਂ ਹਰਦੇ ਲੋਕ।
ਪਾਪਾਂ ਦੇ ਨਾਲ ਮਾਇਆ ਜੋੜਨ, ਠੰਡੇ ਹੌਕੇ ਭਰਦੇ ਲੋਕ।

ਗੁਲਜ਼ਾਰ ਸਿੰਘ ਸ਼ੌਂਕੀ ਨੂੰ ਪੰਜਾਬ ਕਲਾ ਪ੍ਰੀਸ਼ਦ ਅਤੇ ਪੰਜਾਬ ਸਰਕਾਰ ਵੱਲੋਂ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡੇਢ ਦਰਜਨ ਤੋਂ ਵੱਧ ਸਾਹਿਤਕ ਸੰਸਥਾਵਾਂ ਨੇ ਸਨਮਾਨਤ ਕੀਤਾ ਹੈ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦਾ ਸਕੱਤਰ ਅਤੇ ਧੂਰੀ ਸਾਹਿਤ ਸਭਾ ਦਾ ਜਨਰਲ ਸਕੱਤਰ ਹੈ। ਉਸ ਦਾ ਜਨਮ 5 ਦਸੰਬਰ 1948 ਨੂੰ ਪਿਤਾ ਭਗਵਾਨ ਸਿੰਘ ਗੁਰੂ ਅਤੇ ਮਾਤਾ ਹਰਪਾਲ ਕੌਰ ਦੇ ਘਰ ਦੌਲਤਪੁਰ ਜਿਲ੍ਹਾ ਸੰਗਰੂਰ ਵਿੱਚ ਹੋਇਆ। 1956 ਵਿੱਚ ਉਹ ਧੂਰੀ ਆ ਗਏ। ਉਸ ਦਾ ਵਿਆਹ ਬੀਬੀ ਅਮਰਜੀਤ ਕੌਰ ਚੀਮਾ ਨਾਲ ਹੋਇਆ।

# ਵੱਖਰੀਆਂ ਪੈੜਾਂ ਕਰ ਕੇ, ਕੋਈ-ਕੋਈ ਦਿਖਾਉਂਦਾ ਏ, ਉਲਟ ਵਹਾਅ ਦੇ ਤੈਰਕੇ, ਕੋਈ-ਕੋਈ ਦਿਖਾਉਂਦਾ ਏ,



ਸੁਖਵਿੰਦਰ ਚਹਿਲ
89688-89550

**ਚਰਨਜੀਤ ਸਿੰਘ ਅੱਕਾਂਵਾਲੀ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਕੰਮਾਂ ਦੇ ਚਰਚੇ ਸੁਣਨ ਨਾਲ ਹੀ ਇਹ ਪਾਰਟੀ ਅਪਣਾ ਲਈ ਅਤੇ ਮੁੜ ਕੇ ਪਿੱਛੇ ਨਹੀਂ ਦੇਖਿਆ। ਚਰਨਜੀਤ ਨੂੰ ਪਾਰਟੀ ਛੱਡਣ ਲਈ ਵੀ ਬਹੁਤ ਕਿਹਾ ਗਿਆ, ਪਰ ਚਰਨਜੀਤ ਨੇ ਕੁੱਝ ਚੰਗਾ ਕਰਨ ਦੀ ਠਾਣੀ ਹੋਈ ਸੀ। ਚਰਨਜੀਤ ਸਿੰਘ ਅੱਕਾਂਵਾਲ਼ੀ ਨੇ ਪਾਰਟੀ ਲਈ ਦਿਨ ਰਾਤ ਇੱਕ ਕੀਤਾ। ਹਰ ਸਮੇਂ ਲੋਕਾਂ ਅਤੇ ਪਾਰਟੀ ਦੀ ਸੇਵਾ ਵਿੱਚ ਹਾਜ਼ਰ ਰਹੇ। ਇਸ ਘਾਲਣਾ ਦਾ ਨਤੀਜਾ ਇਹ ਨਿਕਲਿਆ ਚਰਨਜੀਤ ਸਿੰਘ ਅੱਕਾਂਵਾਲੀ ਨੂੰ ਨਵੰਬਰ 2020 ਵਿੱਚ ਆਮ ਆਦਮੀ ਪਾਰਟੀ ਜਿਲ੍ਹਾ ਮਾਨਸਾ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ।**

ਪਿੰਡ ਅੱਕਾਂਵਾਲ਼ੀ ਵਿੱਚ ਸ. ਗੁਲਾਬ ਸਿੰਘ ਸਰਪੰਚ ਦੇ ਘਰ ਪੈਦਾ ਹੋਇਆ ਚਰਨਜੀਤ ਸਿੰਘ , ਚੇਅਰਮੈਨ ਜਿਲ੍ਹਾ ਯੋਜਨਾ ਕਮੇਟੀ ਮਾਨਸਾ ਆਮ ਆਦਮੀਂ ਪਾਰਟੀ ਚਰਨਜੀਤ ਸਿੰਘ ਅੱਕਾਂਵਾਲੀ ਇਵੇਂ ਨਹੀ ਬਣਿਆਂ। ਇਸ ਪਿੱਛੇ ਉਸ ਦੀ ਅਣਥੱਕ ਮਿਹਨਤ ਅਤੇ ਪੰਜਾਬ ਲਈ ਕੁੱਝ ਕਰਨ ਦਾ ਜੋ ਸੁਪਨਾ ਹੈ, ਉਹ ਨਾਲ-ਨਾਲ ਹੀ ਚੱਲ ਰਿਹਾ ਹੈ। ਚਰਨਜੀਤ ਸਿੰਘ ਦਾ ਜਨਮ ਮਾਤਾ ਹਰਦੇਵ ਕੌਰ ਦੀ ਕੁੱਖੋਂ ਪਿਤਾ ਸ. ਗੁਲਾਬ ਸਿੰਘ ਦੇ ਘਰ ਪਿੰਡ ਅੱਕਾਂਵਾਲੀ ਜਿਲ੍ਹਾ ਮਾਨਸਾ ਵਿਖੇ 10 ਮਾਰਚ 1976 ਨੂੰ ਹੋਇਆ। ਚਰਨਜੀਤ ਸਿੰਘ ਦੇ ਦੋ ਭਰਾ ਅਤੇ ਇੱਕ ਭੈਣ ਹਨ। ਚਰਨਜੀਤ ਸਾਰਿਆ ਤੋਂ ਛੋਟਾ ਅਤੇ ਲਾਡਲਾ ਰਿਹਾ ਹੈ। ਚਰਨਜੀਤ ਸਿੰਘ ਦੇ ਇੱਕ ਬੇਟਾ ਅਤੇ ਇੱਕ ਬੇਟੀ ਹੈ ਉਹਨਾਂ ਦੇ ਪਤਨੀ ਇੱਕ ਅਧਿਅਪਕਾ ਹਨ ।ਚਰਨਜੀਤ ਦਾ ਬਚਪਨ ਅਤੇ ਪੜ੍ਹਾਈ ਬੁਢਲਾਡਾ ਵਿਖੇ ਉਹਨਾਂ ਦੀ ਭੂਆ ਜੀ ਦੇ ਘਰ ਬੀਤਿਆ। ਚਰਨਜੀਤ ਸਿੰਘ ਅੱਕਾਂਵਲੀ ਨੇ ਐਮ.ਏ. ਇਤਿਹਾਸ ਵਿੱਚ ਕੀਤੀ ਹੈ ਚੰਗੇ ਪੜ੍ਹੇ ਹੋਣ ਕਰਕੇ ਸਮਾਜ, ਪਿੰਡ ਅਤੇ ਪੰਜਾਬ ਦੀ ਚਿੰਤਾ ਹਮੇਸ਼ਾ ਹੀ ਕਰਦੇ ਰਹੇ। ਇੱਕ ਗੱਲ ਹੋਰ ਜੋ ਧਿਆਨ ਯੋਗ ਹੈ ਚਰਨਜੀਤ ਸਿੰਘ ਅੱਕਾਂਵਾਲੀ ਨੂੰ ਰਾਜਨੀਤੀ ਦੀ ਗੁੜਤੀ ਬੁਢਲਾਡਾ ਵਿਖੇ ਭੂਆ ਜੀ ਦੇ ਘਰ ਤੋਂ ਹੀ ਮਿਲੀ ਕਿਉਂਕਿ ਚਰਨਜੀਤ ਦੇ ਭੂਆ ਜੀ ਦੇ ਸਹੁਰਾ ਸਾਹਿਬ ਜਥੇਦਾਰ ਸ. ਤਾਰਾ ਸਿੰਘ ਜੀ 1975 ਵਿੱਚ ਬੁਢਲਾਡਾ ਤੋਂ ਅਕਾਲੀ ਦਲ ਦੇ ਐਮ.ਐਲ.ਏ ਰਹੇ। ਚਰਨਜੀਤ ਸਿੰਘ ਅੱਕਾਂਵਾਲੀ ਦੇ ਪਿਤਾ ਸ. ਗੁਲਾਬ ਸਿੰਘ ਜੀ 1993 ਵਿੱਚ ਪਿੰਡ ਅੱਕਾਂਵਾਲੀ ਦੇ ਸਰਪੰਚ ਬਣੇ ਇਸ ਤੋਂ ਪਹਿਲਾਂ ਸਰਪੰਚ ਸ. ਗੁਲਾਬ ਸਿੰਘ ਕੋਪਰੈਟਿਵ ਬੈਂਕ ਦੇ ਡਰੈਕਟਰ ਵੀ ਰਹੇ। ਬਚਪਨ ਵਿੱਚ ਰਾਜਨੀਤੀ ਆਲੇ ਦੁਆਲੇ ਘੁੰਮਦੀ ਰਹੀ ਫਿਰ ਜੁਆਨੀ ਵਿੱਚ ਪਿਤਾ ਜੀ ਦੇ ਸਰਪੰਚ ਬਣਨ ਨਾਲ ਰਾਜਨੀਤੀ ਨੂੰ ਕੋਲੋਂ ਅਧਿਅਨ ਕਰਨ ਦਾ ਮੌਕਾ ਮਿਲਿਆ। ਭਾਵੇਂ ਪਿਤਾ ਜੀ ਅਕਾਲੀ ਦਲ ਦੀ ਸਰਪਰਸਤੀ ਕਰਦੇ ਰਹੇ ਪਰ ਚਰਨਜੀਤ ਨੇ ਸਮਾਜ ਸੇਵਾ ਦਾ ਅਲੱਗ ਰਾਹ ਚੁਣਿਆ। ਚਰਨਜੀਤ ਸਿੰਘ ਅੱਕਾਂਵਾਲੀ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਕੰਮਾਂ ਦੇ ਚਰਚੇ ਸੁਣਨ ਨਾਲ ਹੀ ਇਹ ਪਾਰਟੀ ਅਪਣਾ ਲਈ ਅਤੇ ਮੁੜ ਕੇ ਪਿੱਛੇ ਨਹੀਂ ਦੇਖਿਆ। ਚਰਨਜੀਤ ਨੂੰ ਪਾਰਟੀ ਛੱਡਣ ਲਈ ਵੀ ਬਹੁਤ ਕਿਹਾ ਗਿਆ, ਪਰ ਚਰਨਜੀਤ ਨੇ ਕੁੱਝ ਚੰਗਾ ਕਰਨ ਦੀ ਠਾਣੀ ਹੋਈ ਸੀ। ਚਰਨਜੀਤ ਸਿੰਘ ਅੱਕਾਂਵਾਲ਼ੀ ਨੇ ਪਾਰਟੀ ਲਈ ਦਿਨ ਰਾਤ ਇੱਕ ਕੀਤਾ। ਹਰ ਸਮੇਂ ਲੋਕਾਂ ਅਤੇ ਪਾਰਟੀ ਦੀ ਸੇਵਾ ਵਿੱਚ ਹਾਜ਼ਰ ਰਹੇ। ਇਸ ਘਾਲਣਾ ਦਾ ਨਤੀਜਾ ਇਹ ਨਿਕਲਿਆ ਚਰਨਜੀਤ ਸਿੰਘ ਅੱਕਾਂਵਾਲੀ ਨੂੰ ਨਵੰਬਰ 2020 ਵਿੱਚ ਆਮ ਆਦਮੀ ਪਾਰਟੀ ਜਿਲ੍ਹਾ ਮਾਨਸਾ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ। ਚਰਨਜੀਤ ਸਿੰਘ ਦੀ ਪ੍ਰਧਾਨਗੀ ਵਿਚ ਆਮ ਆਦਮੀ ਪਾਰਟੀ ਨੇ ਮਾਨਸਾ ਜਿਲ੍ਹੇ ਦੀਆਂ ਤਿੰਨੋ ਵਿਧਾਨ ਸਭਾ ਸੀਟਾ ਬੁਢਲਾਡਾ, ਮਾਨਸਾ, ਅਤੇ ਸਰਦੂਲਗੜ੍ਹ ਉੱਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਚਰਨਜੀਤ ਸਿੰਘ ਅੱਕਾਂਵਾਲੀ ਨੇ ਸਮਾਜ ਸੇਵਾ ਦੇ ਕੰਮ ਜਾਰੀ ਰੱਖੇ। ਉਹਨਾਂ ਨੇ ਮਾਨਸਾ ਜਿਲ੍ਹੇ ਦੀ ਤਰੱਕੀ ਲਈ ਹਰ ਉੱਦਮ ਕੀਤਾ। ਸ. ਚਰਨਜੀਤ ਸਿੰਘ ਅੱਕਾਂਵਾਲੀ ਹੁਣ ਤੱਕ 40 ਵਾਰ ਖ਼ੂਨ ਦਾਨ ਕਰ ਚੁੱਕੇ ਹਨ। ਉਹਨਾਂ ਨੇ ਅਨੇਕਾਂ ਹੀ ਖ਼ੂਨ ਦਾਨ ਕੈਂਪਾਂ ਦੀ ਅਗਵਾਈ ਕੀਤੀ ਹੈ। ਆਮ ਆਦਮੀ ਪਾਰਟੀ ਮਾਨਸਾ ਦੇ ਜਿਲ੍ਹਾ ਪ੍ਰਧਾਨ ਹੁੰਦਿਆਂ ਉਹਨਾਂ ਦੇ ਕੀਤੇ ਕੰਮਾਂ ਨੂੰ ਫਿਰ ਤੋਂ ਬੂਰ ਪਿਆ ਕਿਉਂਕਿ ਆਮ ਆਦਮੀ ਪਾਰਟੀ ਨੇ ਉਹਨਾਂ ਨੂੰ ਜਿਲ੍ਹਾ ਪ੍ਰਧਾਨ ਤੋਂ ਬਾਅਦ ਇੱਕ ਹੋਰ ਤਾਜ ਜਿਲ੍ਹਾ ਯੋਜਨਾ ਕਮੇਟੀ ਮਾਨਸਾ ਦੇ ਚੇਅਰਮੈਨ ਬਣਾ ਕੇ ਪਹਿਨਾ ਦਿੱਤਾ। ਹੁਣ ਚਰਨਜੀਤ ਸਿੰਘ ਬਤੌਰ ਚੇਅਰਮੈਨ ਜਿਲ੍ਹਾ ਯੋਜਨਾ ਕਮੇਟੀ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ਅਤੇ ਬਹੁਤ ਹੀ ਸੁਚੱਜੇ ਤਰੀਕੇ ਨਾਲ ਕੰਮ ਕਰ ਰਹੇ ਹਨ। ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਜਿਸ ਤਰ੍ਹਾਂ ਹੁਣ ਕੰਮ ਕਰ ਰਹੇ ਹਨ ਇਸੇ ਤਰ੍ਹਾਂ ਤਨਦੇਹੀ ਨਾਲ ਪੰਜਾਬ ਦੀ ਤਰੱਕੀ ਲਈ ਕੰਮ ਕਰਦੇ ਰਹਿਣ।





# ਸ਼ਾਨਦਾਰ ਇਤਿਹਾਸ ਸਿਰਜ ਗਿਆ 'ਪੀਫਾ 2023' ਐਵਾਰਡ ਸ਼ੋਅ



ਸੁਰਜੀਤ ਜੱਸਲ
9814607737

-ਪੰਜਾਬੀ ਮਨੋਰੰਜਨ ਇੰਡਸਟਰੀ ਦਾ ਪਹਿਲਾ ਫੈਸਟੀਵਲ ਤੇ ਐਵਾਰਡ ਸ਼ੋਅ "ਪੰਜਾਬੀ ਇੰਟਰਟੇਨਮੈਂਟ ਫੈਸਟੀਵਲ ਅਤੇ ਐਵਾਰਡ 2023" ਇਤਿਹਾਸ ਸਿਰਜ ਗਿਆ। ਪੰਜਾਬੀ ਇੰਡਸਟਰੀ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਪੰਜਾਬੀ ਸਿਨਮਾ ਤੇ ਸੰਗੀਤ ਨੂੰ ਸਮਰਪਿਤ ਵੱਖ ਵੱਖ ਸਖਸੀਅਤਾਂ ਨੂੰ ਐਵਾਰਡ ਦੇ ਰੂਪ ਵਿੱਚ ਸਨਮਾਨਿਤ ਕਰਕੇ ਉਨ੍ਹਾਂ ਦੀ ਸ਼ਾਨ ਵਿੱਚ ਹੋਰ ਵਾਧਾ ਕੀਤਾ ਗਿਆ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ 23 ਫ਼ਰਵਰੀ ਨੂੰ ਹੋਇਆ ਇਹ ਐਵਾਰਡ ਸਮਾਰੋਹ ਕਈ ਨਵੀਆਂ ਪਿਰਤਾਂ ਪਾ ਗਿਆ। ਪੰਜਾਬੀ ਇੰਡਸਟਰੀ ਦੇ ਨਾਮਵਰ ਪ੍ਰੋਮਟਰ ਤੇ ਫਾਈਵਵੁੱਡ ਮੀਡੀਆ ਦੇ ਮੁਖੀ ਸਪਨ ਮਨਚੰਦਾ ਤੇ ਉਨ੍ਹਾਂ ਦੀ ਟੀਮ ਵੱਲੋਂ ਕਰਵਾਏ ਗਏ ਇਸ ਐਵਾਰਡ ਨਾਈਟ ਦੀ ਸ਼ੁਰੂਆਤ ਪੰਜਾਬ ਦੇ ਸੱਭਿਆਚਾਰ ਅਤੇ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ। ਉਹਨਾਂ ਇਸ ਐਵਾਰਡ ਸਮਾਰੋਹ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐਸੇ ਐਵਾਰਡ ਪੰਜਾਬੀ ਇੰਡਸਟਰੀ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਪੀਫਾ ਦੇ ਫਾਊਡਰ ਸਪਨ ਮਨਚੰਦਾ ਅਤੇ ਕੋ-ਫਾਊਡਰ ਨਿਹਾਰਕਾ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਐਵਾਰਡ ਸ਼ੋਅ ਕਰਵਾਉਣਾ ਸੌਖਾ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਇੰਡਸਟਰੀ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਛੇਤੀ ਪੰਜਾਬ ਵਿੱਚ ਵੱਡੀ ਫ਼ਿਲਮ ਸਿਟੀ ਵੀ ਬਣਾਈ ਜਾਵੇਗੀ। ਇਸ ਮੌਕੇ ਸਪਨ ਮਨਚੰਦਾ ਨੇ ਦੱਸਿਆ ਕਿ ਇਸ ਐਵਾਰਡ ਸ਼ੋਅ ਦਾ ਮਕਸਦ ਪੰਜਾਬੀ ਸਿਨਮਾ ਤੇ ਸੰਗੀਤ ਜਗਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਵਾਲੀਆਂ ਸਖਸੀਅਤਾਂ ਨੂੰ ਐਵਾਰਡ ਦੇ ਰੂਪ ਵਿੱਚ ਸਨਮਾਨਿਤ ਕਰਨ ਦੇ ਨਾਲ ਨਾਲ ਪੰਜਾਬੀ ਸਿਨਮਾ ਤੇ ਸੰਗੀਤ ਦੇ ਉਨ੍ਹਾਂ ਨਾਮਾਂ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਹੈ ਜਿੰਨਾ ਨੇ ਇਸ ਇੰਡਸਟਰੀ ਦੀ ਸ਼ੁਰੂਆਤ ਕੀਤੀ ਹੈ।

ਇਸ ਮੌਕੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਅਤੇ ਸੰਗੀਤ ਸਮਰਾਟ ਚਰਨਜੀਤ ਸਿੰਘ ਅਹੂਜਾ ਨੂੰ ਪੰਜਾਬ ਰਤਨ ਐਵਾਰਡ, ਜੈਜੀ ਬੀ ਅਤੇ ਮਨਿੰਦਰ ਬੁੱਟਰ ਨੂੰ ਗਲੋਬਲ ਸਟਾਰ ਐਵਾਰਡ, ਯੋਗਰਾਜ ਸਿੰਘ, ਸਰਦਾਰ ਸੋਹੀ ਅਤੇ ਸੁਨੀਤਾ ਧੀਰ ਨੂੰ ਪ੍ਰਿਥਵੀ ਰਾਜ ਕਪੂਰ ਲਾਈਫ ਟਾਈਮ ਅਚੀਵਮੈਂਟ ਐਵਾਰਡ, ਸਰਗੁਣ ਮਹਿਤਾ ਨੂੰ ਦਲਜੀਤ ਕੌਰ ਯਾਦਗਾਰੀ ਐਵਾਰਡ, ਗੁਰਪ੍ਰੀਤ ਘੁੱਗੀ ਅਤੇ ਵਿਜੇ ਟੰਡਨ ਨੂੰ ਪ੍ਰਾਈਡ ਆਫ ਪੰਜਾਬੀ ਸਿਨਮਾ, ਸਰਬਜੀਤ ਚੀਮਾ ਅਤੇ ਸ਼ਿਪਰਾ ਗੋਇਲ ਨੂੰ ਪ੍ਰਾਈਡ ਆਫ ਪੰਜਾਬੀ ਮਿਊਜ਼ਿਕ ਐਵਾਰਡ ਨਾਲ ਨਿਵਾਜਿਆ ਗਿਆ। ਕਾਮੇਡੀਅਨ ਜਸਵਿੰਦਰ ਭੱਲਾ ਨੂੰ ਗੋਪਾਲ ਦਾਸ ਸਹਿਗਲ ਯਾਦਗਾਰੀ ਐਵਾਰਡ, ਬੀਨੂੰ ਢਿੱਲੋਂ ਅਤੇ ਦੇਵ ਖਰੌੜ ਨੂੰ ਬਲਰਾਜ ਸਾਹਨੀ ਯਾਦਗਾਰੀ ਐਵਾਰਡ, ਗਾਇਕਾ ਮੰਨਤ ਨੂਰ ਗੁਰਮੀਤ ਬਾਵਾ ਯਾਦਗਾਰੀ ਐਵਾਰਡ , ਗੁਰਮੀਤ ਸਿੰਘ ਤੇ ਐਵੀ ਸਰ੍ਹਾ ਨੂੰ ਜਸਵੰਤ ਭੰਵਰਾ ਯਾਦਗਾਰੀ ਐਵਾਰਡ, ਅਸ਼ੀਸ਼ ਦੁੱਗਲ ਨੂੰ ਗੁਰਕੀਰਤਨ ਯਾਦਗਾਰੀ ਐਵਾਰਡ, ਪ੍ਰਿੰਸ ਕੰਵਲਜੀਤ ਸਿੰਘ ਤੇ ਜੈਸਮੀਨ ਬਾਜਵਾ ਪ੍ਰੋਮਿਸਿੰਗ ਐਵਾਰਡ, ਕਰਤਾਰ ਚੀਮਾ ਅਤੇ ਹਰਦੀਪ ਗਰੇਵਾਲ ਨੂੰ ਯੂਥ ਆਈਕੋਨ ਐਵਾਰਡ, ਅਨੀਤਾ ਸ਼ਬਦੀਸ਼ ਨੂੰ ਭਾਈ ਮੰਨਾ ਸਿੰਘ ਯਾਦਗਾਰੀ ਐਵਾਰਡ, ਨਿਰਦੇਸ਼ਕ ਸਿਮਰਜੀਤ ਸਿੰਘ ਨੂੰ ਵਰਿੰਦਰ ਯਾਦਗਾਰੀ ਐਵਾਰਡ, ਹੈਪੀ ਰਾਇਕੋਟੀ ਨੂੰ ਨੰਦ ਲਾਲ ਨੂਰਪੂਰੀ ਐਵਾਰਡ, ਅੰਬਰਦੀਪ ਨੂੰ ਮੁਲਕਰਾਜ ਭਾਖੜੀ ਐਵਾਰਡ , ਕੁਲਵਿੰਦਰ ਬਿੱਲਾ ਨੂੰ ਕੁਲਦੀਪ ਮਾਣਕ ਯਾਦਗਾਰੀ ਐਵਾਰਡ, ਖਾਨ ਸਾਹਬ ਨੂੰ ਸਰਦੂਲ ਸਿਕੰਦਰ ਯਾਦਗਾਰੀ ਐਵਾਰਡ, ਰਾਜ ਸ਼ੋਕਰ ਨੂੰ ਲਾਈਨਲਾਈਟ ਸਟਾਰ ਐਵਾਰਡ, ਅਮਰ ਨੂਰੀ ਨੂੰ ਸ਼ਾਨ ਏ ਪੰਜਾਬ ਐਵਾਰਡ, ਨਾਲ ਨਿਵਾਜਿਆ ਗਿਆ। ਇਸ ਮੌਕੇ ਫ਼ਲਮ ਡਿਸਟੀਬਿਊਟਰ ਮੁਨੀਸ਼ ਸਾਹਨੀ, ਹਿੰਦੀ ਅਤੇ ਪੰਜਾਬੀ ਫਿਲਮਾਂ ਦੇ ਨਾਮੀ ਅਦਾਕਾਰ ਮੁਕੇਸ਼ ਰਿਸ਼ੀ, ਮੰਚ ਸੰਚਾਲਕ ਸਤਿੰਦਰ ਸੱਤੀ, ਗਾਇਕਾ ਸਰਘੀ ਮਾਨ, ਮਿਊਜ਼ਿਕ ਪ੍ਰੋਡਿਊਸਰ ਦਿਨੇਸ਼ ਔਲਖ ਨੂੰ ਸਪੈਸ਼ਲ ਐਪਰੀਸੇਸ਼ਨ ਐਵਾਰਡ ਨਾਲ ਨਿਵਾਜਿਆ ਗਿਆ। ਇਸ ਮੌਕੇ ਸਪਨ ਮਨਚੰਦਾ ਵੱਲੋਂ ਤਿਆਰ ਕੀਤੀ ਪੰਜਾਬੀ ਇੰਡਸਟਰੀ ਦੀ ਡਾਟਾ-ਇਨਫਰਮੇਸ਼ਨ ਅਤੇ ਟੈਲੀਫ਼ੋਨ ਡਾਇਰੈਕਟਰੀ ਦਾ ਸਾਲ 2023-24 ਦਾ ਨਵਾਂ ਅਡੀਸ਼ਨ ਵੀ ਰਿਲੀਜ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਕਿਹਾ ਕਿ ਅਜਿਹੇ ਐਵਾਰਡ ਸਮਾਰੋਹਾਂ ਦੀ ਪੰਜਾਬੀ ਇੰਡਸਟਰੀ ਨੂੰ ਬੇਹੱਦ ਜ਼ਰੂਰਤ ਸੀ। ਅਜਿਹੇ ਐਵਾਰਡ ਕਲਾਕਾਰਾਂ ਦਾ ਹੌਸਲਾ ਬੁਲੰਦ ਕਰਦੇ ਹਨ। ਇਸ ਮੌਕੇ ਪੰਜਾਬੀ ਗਾਇਕ ਸਰਬਜੀਤ ਚੀਮਾ ,ਵਿੱਕੀ, ਬੈਨਟ ਦੁਸਾਂਝ, ਰਮਨ ਗਿੱਲ, ਸੰਗਰਾਮ ਹੰਜਰਾ, ਸਰਘੀ ਮਾਨ ਸਮੇਤ ਨਾਮੀਂ ਗਾਇਕਾਂ ਦੇ ਲਾਈਵ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ ।ਇਸ ਮੌਕੇ ਪੀਫਾ ਦੇ ਸਹਿਯੋਗੀ ਲਾਡੀ ਕਾਂਗੜ, ਗੁਰਪ੍ਰੀਤ ਖੇਤਲਾ ,ਲਵਪੀਤ ਲੱਕੀ ਸੰਧੂ ਤੇ ਜਰਨੈਲ ਸਿੰਘ ਤੋਂ ਇਲਾਵਾ ਪੰਜਾਬੀ ਇੰਡਸਟਰੀ ਦੀਆਂ ਨਾਮੀ ਹੋਰ ਨਾਮੀ ਸਖ਼ਸ਼ੀਅਤਾਂ ਹਾਜ਼ਰ ਸਨ।



# ਸਿੱਖ ਏਡ ਸਕਾਟਲੈਂਡ ਵੱਲੋਂ ਸਿਕਲੀਗਰ ਵਣਜਾਰੇ ਸਿੱਖਾਂ ਦੀ ਮੱਦਦ ਲਈ ਵਿਸ਼ਾਲ ਫੰਡ ਰੇਜ਼ਿੰਗ ਸਮਾਗਮ

☛ ਸਕਾਟਲੈਂਡ ਵਿੱਚ ਹੋਏ ਸਮਾਗਮ ਨੇ ਰਚਿਆ ਨਵਾਂ ਇਤਿਹਾਸ ☛ 1000 ਬੱਚੇ ਦੀ ਸਮਰੱਥਾ ਵਾਲੇ ਸਕੂਲ ਦੇ ਨਿਰਮਾਣ ਲਈ ਭਾਈਚਾਰੇ ਨੇ ਕੀਤੀ ਦਿਲ ਖੋਲ੍ਹ ਕੇ ਮੱਦਦ





ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)- ਕਹਿੰਦੇ ਹਨ ਕਿਸੇ ਨੂੰ ਪੈਸਾ ਦਾਨ ਦੇਣ ਦੀ ਬਜਾਏ ਉੱਤਮ ਦਾਨ ਵਿੱਦਿਆ ਦਾ ਦਾਨ ਦੇ ਦਿਉ। ਜਿਸ ਨੂੰ ਹਾਸਲ ਕਰਕੇ ਵਿੱਦਿਆ ਦਾਨ ਲੈਣ ਵਾਲਾ ਕਮਾਊ ਹੱਥ ਬਣ ਕੇ ਆਪਣੀਆਂ ਪੀੜ੍ਹੀਆਂ ਦੀ ਤਕਦੀਰ ਬਦਲ ਦੇਵੇਗਾ। ਇਸੇ ਕਥਨ ਨੂੰ ਅਸਲੀਅਤ ਵਿੱਚ ਬਦਲਣ ਲਈ ਸਕਾਟਲੈਂਡ ਦੀ ਵੱਕਾਰੀ ਸੰਸਥਾ ਸਿੱਖ ਏਡ ਸਕਾਟਲੈਂਡ 21 ਸਾਲਾਂ ਤੋਂ ਸਰਗਰਮੀ ਨਾਲ ਕਾਰਜ ਕਰਦੀ ਆ ਰਹੀ ਹੈ। ਸਮਾਜ ਸੇਵਾ ਦੇ 21 ਵਰ੍ਹਿਆਂ ਨੂੰ ਸਮਰਪਿਤ ਇੱਕ ਵਿਸ਼ਾਲ ਸਮਾਗਮ ਸਿੱਖ ਏਡ ਸਕਾਟਲੈਂਡ ਵੱਲੋਂ ਨਾਰਮੰਡੀ ਹੋਟਲ ਵਿਖੇ ਕਰਵਾਇਆ ਗਿਆ। ਜਿਸ ਵਿੱਚ ਡਿਨਰ ਬਹਾਨੇ ਰਲ ਮਿਲ ਬੈਠਣ, ਰੰਗਾਰੰਗ ਪ੍ਰੋਗਰਾਮ ਦਾ ਆਨੰਦ ਮਾਨਣ ਅਤੇ ਫੰਡ ਰੇਜਿੰਗ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਮਾਗਮ ਦਾ ਮੁੱਖ ਉਦੇਸ਼ ਮੱਧ ਪ੍ਰਦੇਸ਼ ਵਿਚ ਵਸਦੇ ਸਿਕਲੀਗਰ ਵਣਜਾਰੇ ਸਿੱਖ ਪਰਿਵਾਰਾਂ ਦਾ ਜੀਵਨ ਪੱਧਰ ਸੁਧਾਰਨ, ਉਹਨਾਂ ਦੇ ਬੱਚਿਆਂ ਲਈ 1000 ਬੱਚੇ ਦੀ ਸਮਰੱਥਾ ਵਾਲੇ ਸਕੂਲ ਦਾ ਨਿਰਮਾਣ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਪੰਜਾਬੀਆਂ ਦੇ ਸਾਜ ਢੋਲ ਅਤੇ ਸਕਾਟਿਸ਼ ਰਵਾਇਤੀ ਸਾਜ ਬੈਗਪਾਈਪਰ ਦੇ ਸੁਮੇਲ ਨਾਲ ਹੋਈ। ਮੰਚ ਸੰਚਾਲਕ ਵਜੋਂ ਜਿੰਮੇਵਾਰੀ ਸਾਂਭਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਅਤੇ ਰੂਪਾ ਮੁੱਕਰ ਵੱਲੋਂ ਸਿੱਖ ਏਡ ਸਕਾਟਲੈਂਡ ਦੇ ਮੁੱਖ ਸੇਵਾਦਾਰ ਸੁਲੱਖਣ ਸਿੰਘ ਸਮਰਾ ਨੂੰ ਸੱਦਾ ਦਿੱਤਾ ਤਾਂ ਕਿ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਜਾ ਸਕੇ। ਇਸ ਉਪਰੰਤ ਡਾ. ਸਤਬੀਰ ਕੌਰ ਗਿੱਲ ਵੱਲੋਂ ਪ੍ਰੈਜੈਂਟੇਸ਼ਨ ਰਾਹੀਂ ਸੰਸਥਾ ਵੱਲੋਂ ਕੀਤੇ ਕੰਮਾਂ ਬਾਰੇ ਦੱਸਿਆ ਗਿਆ। ਸਮਾਗਮ ਵਿੱਚ ਸਾਹਿਤਕ ਅਤੇ ਸੱਭਿਆਚਾਰਿਕ ਰੰਗ ਭਰਦਿਆਂ ਸ਼ਾਇਰ ਲਾਭ ਗਿੱਲ ਦੋਦਾ ਵੱਲੋਂ ਆਪਣੀ ਨਜ਼ਮ ÷ਸਿੰਘੋ ਵਣਜਾਰਿਓ÷ ਰਾਹੀਂ ਹਾਜ਼ਰੀ ਭਰੀ ਗਈ ਉੱਥੇ ਸਕਾਟਲੈਂਡ ਦੇ ਪ੍ਰਸਿੱਧ ਗਿੱਧਾ ਗਰੁੱਪ ÷ਮਹਿਕ ਪੰਜਾਬ ਦੀ÷ ਵੱਲੋਂ ਗਿੱਧੇ ਦੀ ਬਿਹਤਰੀਨ ਪੇਸ਼ਕਾਰੀ ਰਾਹੀਂ ਖ਼ੂਬ ਤਾੜੀਆਂ ਬਟੋਰੀਆਂ ਗਈਆਂ। ਇਸ ਉਪਰੰਤ ਸੰਸਥਾ ਲਈ ਦਾਨ ਰਾਸ਼ੀ ਇਕੱਤਰ ਕਰਨ ਲਈ ਜ਼ਰੂਰੀ ਅਤੇ ਵਰਤੋਂ ਯੋਗ ਵਸਤਾਂ ਦੀ ਨਿਲਾਮੀ ਕੀਤੀ ਗਈ। ਜਿਸ ਦੌਰਾਨ ਭਾਈਚਾਰੇ ਦੇ ਲੋਕਾਂ ਵੱਲੋਂ ਉਤਸ਼ਾਹ ਪੂਰਵਕ ਹਿੱਸਾ ਲੈਂਦਿਆਂ ਬੋਲੀ ਲਗਾ ਕੇ ਦਾਨ ਰਾਸ਼ੀ ਇਕੱਤਰ ਕੀਤੀ। ਯੂਕੇ ਦੇ ਜੰਮਪਲ ਬਾਲ ਗਾਇਕ ਹਿੰਮਤ ਖੁਰਮੀ ਵੱਲੋਂ ਆਪਣਾ ਗੀਤ ÷ਮੇਰੀ ਮਾਂ ਬੋਲੀ÷ ਗਾ ਕੇ ਬੱਚਿਆਂ ਨੂੰ ਮਾਂ ਬੋਲੀ ਦੇ ਲੜ ਲਾਉਣ ਦਾ ਸੁਨੇਹਾ ਦਿੱਤਾ। ਜਿੰਨੀ ਦੇਰ ਗੀਤ ਚੱਲਦਾ ਰਿਹਾ, ਪੂਰੇ ਹਾਲ ਵਿੱਚ ਤਾੜੀਆਂ ਦੀ ਗੜਗੜਾਹਟ ਤੋਂ ਬਿਨਾਂ ਹੋਰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ। ਇਸ ਸਮੇਂ ਗੁਰਦੀਪ ਸਿੰਘ ਸਮਰਾ ਵੱਲੋਂ ਲਿਖੀ ਦੋ ਪਾਤਰੀ ਦਸਤਾਵੇਜ਼ੀ ਫਿਲਮ ਨੂੰ ਬੱਲੀ ਬਲਜੀਤ ਅਤੇ ਮਨਦੀਪ ਖੁਰਮੀ ਦੇ ਨਿਰਦੇਸ਼ਨ ਹੇਠ ਤਿਆਰ ਕਰਕੇ ਦਿਖਾਇਆ ਗਿਆ। ਹਾਜ਼ਰੀਨ ਵੱਲੋਂ ਕੇਵਲ ਕਰਾਂਤੀ ਅਤੇ ਜੀਵਨ ਰਾਹੀ ਦੀ ਅਦਾਕਾਰੀ ਨੂੰ ਖ਼ੂਬ ਸਰਾਹਿਆ ਗਿਆ। ਬਹੁਤ ਹੀ ਭਾਵੁਕ ਤਕਰੀਰ ਕਰਦਿਆਂ ਗੁਰਦੀਪ ਸਿੰਘ ਸਮਰਾ ਨੇ ਸਿਕਲੀਗਰ ਵਣਜਾਰੇ ਸਿੱਖਾਂ ਦੀ ਗਰੀਬੀ, ਉਹਨਾਂ ਦੇ ਰਹਿਣ ਸਹਿਣ ਅਤੇ ਬੱਚਿਆਂ ਦੇ ਪੜ੍ਹਾਈ ਤੋਂ ਵਾਂਝੇ ਰਹਿਣ ਦੀ ਦਰਦਮਈ ਗਾਥਾ ਨੂੰ ਆਪਣਾ ਸ਼ਬਦਾਂ ਰਾਹੀਂ ਬਿਆਨ ਕੀਤਾ ਤਾਂ ਸੰਗਤਾਂ ਵੱਲੋਂ ਖੁੱਲ੍ਹੇ ਦਿਲ ਨਾਲ ਦਸਵੰਧ ਭੇਂਟ ਕਰਨ ਦੀ ਹੱਦ ਤੋੜ ਦਿੱਤੀ ਤੇ ਲਗਭਗ 50 ਹਜ਼ਾਰ ਪੌਂਡ ਦੀ ਰਾਸ਼ੀ ਸਿਕਲੀਗਰ ਸਿੱਖ ਬੱਚਿਆਂ ਲਈ ਬਣਾਏ ਜਾਣ ਵਾਲੇ ਸਕੂਲ ਲਈ ਇਕੱਠੀ ਹੋ ਗਈ। ਇਸ ਸਮੇਂ ਹਰਸਿਮਰ ਕੌਰ ਹਾਰਾ ਨੇ ਅੰਗਰੇਜ਼ੀ ਵਿੱਚ ਭਾਸ਼ਣ ਦੇ ਕੇ ਆਪਣੇ ਹਾਣੀ ਮੁੰਡੇ ਕੁੜੀਆਂ ਨੂੰ ਚੰਗੇ ਕੰਮਾਂ ਨਾਲ ਜੁੜਨ ਲਈ ਬੇਨਤੀ ਕੀਤੀ। ਸਮਾਗਮ ਦੇ ਸਮਾਪਤੀ ਵੱਲ ਜਾਣ ਤੋਂ ਪਹਿਲਾਂ ਪ੍ਰਸਿੱਧ ਹਾਸ-ਰਸ ਕਲਾਕਾਰ ਰੇਅ ਆਫ ਸਨਸ਼ਾਈਨ ਅਤੇ ਟੀਜੇ ਸਿੰਘ ਵੱਲੋਂ ਹਾਜ਼ਰੀਨ ਦੇ ਬੁੱਲਾਂ 'ਤੇ ਮੁਸਕਰਾਹਟ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਰੈਫਲ ਪ੍ਰਾਈਜਜ਼ ਦੇ ਦੌਰ ਉਪਰੰਤ ਸੰਸਥਾ ਦੇ ਜ਼ਿੰਮੇਵਾਰ ਆਗੂ ਡਾ. ਇੰਦਰਜੀਤ ਸਿੰਘ ਵੱਲੋਂ ਸਮਾਗਮ ਵਿੱਚ ਸ਼ਿਰਕਤ ਕਰਨ ਪਹੁੰਚੇ ਹਰ ਸਖ਼ਸ਼ ਦਾ ਧੰਨਵਾਦ ਕਰਨ ਦੇ ਨਾਲ ਦਾਨੀ ਸੱਜਣਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਚੰਡੀਗੜ੍ਹ 'ਚ ਹੋਏ ਪਹਿਲੇ 'ਪੰਜਾਬੀ ਮਾਂ ਬੋਲੀ ਮੇਲੇ' ਦੀ ਦੇਸ਼ ਵਿਦੇਸ਼ 'ਚ ਪਈ ਧੁੰਮ

## ਮੇਲੇ ਵਿੱਚ ਚੋਟੀ ਦੇ ਸਟਾਰ ਗਾਇਕਾਂ ਨੇ ਲਾਏ ਮੇਲੇ ਨੂੰ ਚਾਰ ਚੰਨ.. ਸੁੱਖੀ ਬਰਾੜ, ਭੱਟੀ ਭੜੀਵਾਲਾ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਚੰਡੀਗੜ੍ਹ ਦੇ ਦੇਵ ਸਮਾਜ ਕਾਲਜ (ਲੜਕੀਆਂ) ਵਿਖੇ 4 ਮਾਰਚ ਨੂੰ ਉੱਘੀ ਲੋਕ ਗਾਇਕਾ ਤੇ ਡਾਇਰੈਕਟਰ ਵਿਸ਼ਵ ਪੰਜਾਬੀ ਵਿਰਾਸਤ ਕੇਂਦਰ, ਚੰਡੀਗੜ੍ਹ, ਸੁੱਖੀ ਬਰਾੜ ਅਤੇ ਲੋਕ ਗੀਤ ਐਂਟਰਟੇਨਮੈਂਟ ਤੇ ਡਾਇਰੈਕਟਰ ਤੇ ਸਿਰਮੌਰ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਵੱਲੋਂ ਸਾਂਝੇ ਉਪਰਾਲੇ ਨਾਲ ਕਰਵਾਏ ਗਏ ਪਹਿਲੇ ਪੰਜਾਬੀ ਮਾਂ ਬੋਲੀ ਮੇਲੇ ਦੀ ਧੂੰਮ ਪੂਰੇ ਵਿਸ਼ਵ ਚ ਪਈ ਹੈ ! ਇਹ ਜਾਣਕਾਰੀ ਦੇਂਦਿਆਂ ਭੱਟੀ ਭੜੀ ਵਾਲਾ ਨੇ ਦੱਸਿਆ ਕਿ ਇਹ ਮੇਲਿਆਂ ਦੇ ਇਤਿਹਾਸ ਚ ਪਹਿਲੀ ਵਾਰ ਹੋਇਆ ਹੈ ਕਿ ਮੇਲੇ ਵਿੱਚ ਸਿਰਕਤ ਕਰਨ ਵਾਲੇ ਸਾਰੇ ਹੀ ਕਲਾਕਾਰਾਂ, ਸਨਮਾਨਿਤ ਸ਼ਖ਼ਸੀਅਤਾਂ, ਤੇ ਸਾਰੇ ਪਤਵੰਤੇ ਸੱਜਣਾਂ ਨੇ ਊੜੇ ਐੜੇ ( ਪੈਂਤੀ ਅੱਖਰਾਂ ) ਨੂੰ ਮੱਥਾ ਟੇਕ ਕੇ ਸਜਦਾ ਕੀਤਾ !

ਮੇਲੇ ਵਿੱਚ ਚੋਟੀ ਦੇ ਪੰਜਾਬੀ ਸਟਾਰ ਗਾਇਕਾਂ, ਜਸਬੀਰ ਜੱਸੀ, ਬਾਈ ਹਰਦੀਪ, ਪੰਮੀ ਬਾਈ, ਸਰਬਜੀਤ ਚੀਮਾ,ਬਾਲ ਮੁਕੰਦ ਸ਼ਰਮਾ, ਸਤਵਿੰਦਰ ਬਿੱਟੀ,ਗੈਰੀ ਹੋਠੀ, ਭੁਪਿੰਦਰ ਬੱਬਲ, ਬਾਈ ਅਮਰਜੀਤ, ਬਿੱਲ ਸਿੰਘ, ਰਾਜ ਤਿਵਾੜੀ, ਬਿੱਟੂ ਖੰਨੇਵਾਲਾ,ਅਮਨ ਰੋਜ਼ੀ, ਰੋਮੀ ਰੰਜਨ, ਗੁਰਤੇਜ ਤੇਜ, ਸੁਨੈਨੀ ਗੁਲੇਰੀਆ, ਬਾਵਾ ਧਾਲੀਵਾਲ, ਸਤਪਾਲ ਭੂੰਦੜ, ਗੁਰਮੀਤ ਕੁਲਾਰ, ਦਵਿੰਦਰ ਦਿਓਲ, ਮਾਣਕ ਅਲੀ, ਜਸਪਿੰਦਰ ਰੈਣਾ, ਬਲਬੀਰ ਬਿੱਲੂ, ਆਰਤੀ ਗਿੱਲ, ਹਿਨਾ ਖ਼ਾਨ, ਗੁਰਿੰਦਰ ਗਿੰਦੂ, ਤੋਂ ਇਲਾਵਾ ਹੋਰ ਬਹੁਤ ਸਾਰੇ ਗਾਇਕ ਕਲਾਕਾਰਾਂ ਨੇ ਮੇਲੇ ਦੀ ਰੌਣਕ ਨੂੰ ਆਪਣੀ ਗਾਇਕੀ ਨਾਲ ਚਾਰ ਚੰਨ ਲਾਏ !





ਮੇਲੇ ਵਿੱਚ ਬਹੁਤ ਸਾਰੇ ਗੀਤਕਾਰਾਂ ਤੇ ਸਾਹਿਤਕਾਰਾਂ ਨੇ ਵੀ ਸਿਰਕਤ ਕੀਤੀ ! ਗੀਤਕਾਰਾਂ ਵਿੱਚ ਦੀਪ ਮੰਗਲੀ, ਬੂਟਾ ਗੁਲਾਮੀ ਵਾਲਾ, ਬਿੱਕਰ ਚਾਪੜੇਵਾਲਾ, ਗਿੱਲ ਗੁਲਾਮੀ ਵਾਲਾ, ਅਵਤਾਰ ਸਿੰਘ ਸੋਹੀਆਂ, ਕਮਲ ਸੀਪਾ ਤੇ ਹੋਰ ਬਹੁਤ ਸਾਰੇ ਗੀਤਕਾਰਾਂ ਨੇ ਆਪਣੀ ਹਾਜ਼ਰੀ ਭਰੀ ! ਮੇਲੇ ਦਾ ਸਟੇਜ ਸੰਚਾਲਨ ਉੱਘੀ ਐਂਕਰ ਤੇ ਲੋਕ ਗਾਇਕਾ ਆਰ. ਦੀਪ ਰਮਨ, ਅਤੇ ਯਾਦਵਿੰਦਰ ਸਿੱਧੂ ਵੱਲੋਂ ਕੀਤਾ ਗਿਆ ! ਮਾਂ ਬੋਲੀ ਪੰਜਾਬੀ ਦੇ ਇਸ ਮੇਲੇ ਵਿੱਚ ਕਿਨੀਆ ਦੇਸ ਦੇ ਪੰਜਾਬੀ ਬਣੇ ਵੈਂਸਲੇ ਕੂਕੁ, ਉਹਨਾਂ ਦੀ ਪਤਨੀ ਪੰਜਾਬਣ ਮੁਟਿਆਰ ਸੁਖਵਿੰਦਰ ਕੌਰ ਤੇ ਉਹਨਾਂ ਦੀ ਬੇਟੀ ਨੇ ਪੰਜਾਬੀ ਪਹਿਰਾਵੇ ਵਿੱਚ ਢੋਲ ਨਾਲ ਕਲਾਕਾਰਾਂ ਤੇ ਸਨਮਾਨਿਤ ਸ਼ਖ਼ਸੀਅਤਾਂ ਦਾ ਸੁਆਗਤ ਕੀਤਾ ! ਮੇਲੇ ਵਿੱਚ ਪੰਜਾਬੀ ਮਾਂ ਬੋਲੀ ਨਾਲ ਸਬੰਧਿਤ ਵੱਖ ਵੱਖ ਪ੍ਰਦਰਸ਼ਨੀਆਂ ਵੀ ਲਾਈਆਂ ਗਈਆਂ ! ਵਿਸ਼ਵ ਜਗਤ ਪੰਜਾਬੀ ਸੰਸਥਾ, ਕੈਨੇਡਾ ਵੱਲੋਂ ਸ਼੍ਰੀ ਅਜੈਬ ਸਿੰਘ ਚੱਠਾ ਵੱਲੋਂ ਤਿਆਰ ਕੀਤੀ ਗਈ ਕਿਤਾਬ ÷ ਕਾਇਦਾ-ਏ -ਨੂਰ ÷ ਅਤੇ ਇੰਗਲੈਂਡ ਦੇ ਸਾਊਥਹਾਲ ਵਸਦੇ ਲੇਖ਼ਕ ਤੇ ਗੀਤਕਾਰ ਸੁਖਬੀਰ ਸੋਢੀ ਦੀ ਕਿਤਾਬ ÷ ਸਿਰਲੇਖ ਜੋ ਕਿ ਸਾਹਿਬਦੀਪ ਪਬਲੀਕੇਸ਼ਨਜ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ ਵੀ ਲੋਕ ਅਰਪਣ ਕੀਤੀ ਗਈ !

ਮੇਲੇ ਵਿੱਚ ਪੰਜਾਬੀ ਮਾਂ ਬੋਲੀ ਦੀ ਚੜ੍ਹਦੀਕਲਾ ਲਈ ਦੇਸ ਵਿਦੇਸ਼ ਚ ਯਤਨਸ਼ੀਲ ਸ਼ਖ਼ਸੀਅਤਾਂ ਡਾ. ਅੰਮ੍ਰਿਤ ਸਿੰਘ (ਕੈਲੇਫੋਰਨੀਆਂ ), ਬਾਬੂ ਸਿੰਘ ਮਾਨ (ਮਰਾੜਾਂ ਵਾਲੇ), ਸੰਗੀਤ ਸਮਰਾਟ ਜਨਾਬ ਚਰਨਜੀਤ ਆਹੂਜਾ,ਸਰਵੋਤਮ ਕੈਨੇਡੀਅਨ ਅਵਾਰਡ ਵਿਜੇਤਾ ਸੁਰਜੀਤ ਸਿੰਘ ਮਾਧੋਪੁਰੀ, ਅਤੇ ਭੰਗੜੇ ਦੇ ਕਿੰਗ ਸਰਬਜੀਤ ਚੀਮਾ ਅਤੇ ਪ੍ਰੋ.ਪੰਡਿਤ ਰਾਓ ਧੰਨੇਸ਼ਵਰ ਦਾ ਸਨਮਾਨ ਬਾਈ ਹਰਦੀਪ, ਪੰਮੀ ਬਾਈ, ਜੱਸੀ ਸੋਹੀਆਂਵਾਲਾ( ਚੇਅਰਮੈਨ,ਪਲਾਨਿੰਗ ਬੋਰਡ, ਪਟਿਆਲਾ) ਸੁੱਖੀ ਬਰਾੜ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ !

ਮੇਲੇ ਦੇ ਮੁੱਖ ਮਹਿਮਾਨ ਦੇ ਤੌਰ ਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰੀ ਨੇ ਸਿਰਕਤ ਕੀਤੀ ! ਦੇਵ ਸਮਾਜ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ, ਉੱਧਮ ਐੱਨ.ਜੀ.ਓ, ਰੋਟਰੀ ਕਲੱਬ, ਆਰ.ਸੀ.ਐੱਲ, ਵੱਲੋਂ ਮੇਲੇ ਨੂੰ ਸਫ਼ਲ ਬਣਾਉਣ 'ਚ ਅਹਿਮ ਯੋਗਦਾਨ ਪਾਇਆ ! ਮੇਲੇ ਦੇ ਅਖੀਰ ਵਿੱਚ ਭੱਟੀ ਭੜੀਵਾਲਾ ਨੇ ਮੇਲੇ ਵਿੱਚ ਆਏ ਦਰਸ਼ਕਾਂ, ਗਾਇਕਾਂ ਤੇ ਸਾਰੀਆਂ ਸਖਸ਼ੀਅਤਾਂ ਅਤੇ ਦੇਸ ਵਿਦੇਸ਼ ਤੋਂ ਸਹਿਯੋਗ ਕਰਨ ਵਾਲੇ ਪੰਜਾਬੀਆਂ ਦਾ ਧੰਨਵਾਦ ਕੀਤਾ !

# ਅਲਬਰਟਾ ਵਿੱਚ ਨਵੇਂ ਆਉਣ ਵਾਲਿਆਂ ਲਈ ਨਿੱਪੱਖਤਾ 'ਤੇ ਪ੍ਰੀਮੀਅਰ ਸੰਮੇਲਨ ਹੋਇਆ












ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 17 ਮਾਰਚ 2023 ਵਾਲੇ ਦਿਨ ਅਲਬਰਟਾ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਵੱਲੋਂ ਸੂਬੇ ਵਿੱਚ ਨਵੇਂ ਆਉਣ ਵਾਲਿਆਂ ਲਈ ਇੱਕ ਵੱਡੇ ਸਮਾਗਮ ਦਾ ਆਯੋਜਿਨ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਭਾਈਚਾਰਿਆਂ ਦੇ ਮੀਡੀਆ ਕਰਮੀ ਅਤੇ ਮਾਹਿਰਾਂ ਨੇ ਹਿੱਸਾ ਲਿਆ। ਸਵੇਰ ਤੋਂ ਸੁਰੂ ਹੋਕੇ ਸਾਮ ਦੇ 5 ਵਜੇ ਤੱਕ ਇਸ ਸੰਮੇਲਨ ਵਿੱਚ ਮਾਹਿਰਾਂ ਤੋਂ ਇਲਾਵਾ ਮੁੱਖ ਵਿਰੋਧੀ ਧਿਰ ਦੀ ਲੀਡਰ ਰੈਚਲ ਨੌਟਲੀ ਨੇ ਵੀ ਵਿਸੇਸ ਤੌਰ ਤੇ ਸਮੂਲੀਅਤ ਕੀਤੀ। ਪੰਜਾਬੀ ਭਾਈਚਾਰੇ ਦੇ ਨਾਮਵਰ ਇੰਮੀਗ੍ਰੇਸ਼ਨ ਵਕੀਲ ਰਾਜ ਸਰਮਾ ਮੰਚ ਉੱਪਰੋਂ ਚਰਚਾ ਕਰਨ ਵਾਲੇ ਪੈਨਲ ਵਿੱਚ ਸਾਮਿਲ ਸਨ। ਉਹਨਾਂ ਦੱਸਿਆ ਕਿ ਅਜਿਹੇ ਸੰਮੇਲਨਾ ਨਾਲ ਸਾਡੇ ਨਵੇਂ ਆਏ ਪੰਜਾਬੀ ਭਾਈਚਾਰੇ ਨੂੰ ਬਹੁਤ ਵੱਡੀ ਸੇਧ ਅਤੇ ਰਾਹਤ ਮਿਲਦੀ ਹੈ। ਪ੍ਰੀਮੀਅਰ ਡੇਨੀਅਲ ਸਮਿੱਥ ਨੇ ਜਿੱਥੇ ਅਲਬਰਟਾ ਸਰਕਾਰ ਦੇ ਨਵੇਂ ਆਉਣ ਵਾਲਿਆਂ ਲਈ ਉਪਰਾਲਿਆਂ ਦੀ ਗੱਲ ਕੀਤੀ ਉੱਥੇ ਉਹਨਾਂ ਪ੍ਰੋਗਰਾਮ ਦੇ ਸੁਰੂ ਵਿੱਚ ਐਡਮੰਟਨ ਵਿਖੇ ਆਪਣੀ ਡਿਊਟੀ ਦੌਰਾਨ ਜਾਨ ਦੀ ਆਹੂਤੀ ਦੇਣ ਵਾਲੇ ਦੋ ਪੁਲਿਸ ਅਧਿਕਾਰੀਆਂ ਨੂੰ ਚੇਤੇ ਕਰਦਿਆਂ ਨਮ ਅੱਖਾਂ ਅਤੇ ਭਰੇ ਹੋਏ ਗਲੇ ਨਾਲ ਸ਼ਰਧਾਜਲੀ ਭੇਟ ਕੀਤੀ। ਪ੍ਰੀਮੀਅਰ ਦਾ ਮੰਨਣਾ ਹੈ ਕਿ ਉਹਨਾਂ ਦੇ ਸਰਕਾਰ ਨਵੇਂ ਆਇਆਂ ਨੂੰ ਜੀ ਆਇਆ ਆਖਦੀ ਹੋਈ ਉਹਨਾਂ ਦੀ ਸਥਾਪਤੀ ਲਈ ਸਹਾਇਤਾ ਕਰਨ ਲਈ ਤਤਪਰ ਹੈ। ਵਰਨਣਯੋਗ ਹੈ ਕਿ ਸਾਲ 2018-2022 ਤੱਕ ਅਲਬਰਟਾ ਸੂਬੇ ਅੰਦਰ 197610 ਲੈਂਡਡ ਇਮੀਗਰਾਂਟ ਆਏ ਜਿਹਨਾਂ ਵਿੱਚੋਂ 83 ਪ੍ਰਤੀਸਤ ਕੈਲਗਰੀ ਅਤੇ ਐਡਮੰਟਨ ਵਿੱਚ ਠਹਿਰੇ। ਇਹਨਾਂ ਵਿੱਚੋਂ ਸਭ ਤੋਂ ਵੱਡੀ ਗਿਣਤੀ 27 ਪ੍ਰਤੀਸਤ ਇੰਡੀਅਨ ਦੀ ਸੀ।






# ਪੋਲੈਂਡ ਦੇ ਪਾਇਲਟ ਨੇ ਦੁਬਈ ਦੇ ਬੁਰਜ ਅਲ ਅਰਬ ਹੋਟਲ ਦੀ ਛੱਤ ਉੱਪਰ ਜਹਾਜ ਉਤਾਰਿਆ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਦੁਨੀਆ ਦੇ ਸਭ ਤੋਂ ਵਧੀਆ ਏਅਰ ਰੇਸਿੰਗ ਚੈਂਪੀਅਨਾਂ ਵਿੱਚੋਂ ਇੱਕ ਨੇ ਦੁਬਈ ਦੇ ਬੁਰਜ ਅਲ ਅਰਬ ਹੋਟਲ ਦੀ ਛੱਤ 'ਤੇ ਬਣੇ ਹੈਲੀਪੈਡ 'ਤੇ ਜਹਾਜ਼ ਉਤਾਰਿਆ। ਇਹ 7 ਸਿਤਾਰਾ ਹੋਟਲ ਹੈ। ਇਨਾ ਹੀ ਨਹੀਂ ਛੋਟੇ ਜਹਾਜ਼ ਨੂੰ ਲੈਂਡ ਕਰਨ ਤੋਂ ਬਾਅਦ ਉਸ ਨੇ ਉੱਥੋਂ ਹੈਰਾਨੀਜਨਕ ਟੇਕਆਫ ਵੀ ਕੀਤਾ।ਇਸ ਵਾਲ ਉਭਾਰਨ ਵਾਲੇ ਸਟੰਟ ਨੂੰ ਅੰਜਾਮ ਦੇਣ ਵਾਲੇ ਪਾਇਲਟ ਦਾ ਨਾਂ ਲਿਊਕ ਸੇਪੇਲਾ ਹੈ। ਉਹ ਪੋਲੈਂਡ ਦਾ ਰਹਿਣ ਵਾਲਾ ਹੈ। ਉਨ੍ਹਾਂ ਨੇ ਇਹ ਲੈਂਡਿੰਗ ਬੁਰਜ ਅਲ ਅਰਬ ਜੁਮੇਰਾਹ ਹੋਟਲ ਦੀ ਛੱਤ 'ਤੇ ਬਣੇ ਹੈਲੀਪੈਡ 'ਤੇ ਕੀਤੀ। ਇਸ ਦਾ ਹੈਲੀਪੈਡ ਲਾਅਨ ਟੈਨਿਸ ਕੋਰਟ ਤੋਂ ਛੋਟਾ ਹੈ। ਦੁਨੀਆ ਦਾ ਇਹ ਸਭ ਤੋਂ ਛੋਟਾ ਵਪਾਰਕ ਰਨਵੇ 400 ਮੀਟਰ ਹੈ ਅਤੇ ਜਿਸ ਰਨਵੇ 'ਤੇ ਲਿਊਕ ਨੇ ਆਪਣਾ ਸਿੰਗਲ ਇੰਜਣ ਵਾਲਾ ਜਹਾਜ਼ ਉਤਾਰਿਆ ਸੀ, ਉਹ ਸਿਰਫ 27 ਮੀਟਰ ਲੰਬਾ ਹੈ। 39 ਸਾਲਾ ਲਿਊਕ ਨੇ ਕਿਹਾ– ਮੈਂ ਇਸ ਲੈਂਡਿੰਗ ਤੋਂ ਪਹਿਲਾਂ 650 ਅਭਿਆਸ ਸੈਸ਼ਨ ਕੀਤੇ। ਇਸ ਦੇ ਬਾਵਜੂਦ ਉਹ ਤੀਜੀ ਕੋਸ਼ਿਸ਼ 'ਚ ਫਾਈਨਲ 'ਚ ਉਤਰਨ 'ਚ ਕਾਮਯਾਬ ਰਿਹਾ। ਲਿਊਕ ਨੇ ਬਾਅਦ ਵਿੱਚ ਕਿਹਾ – ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਮੈਨੂੰ ਇਸ ਲੈਂਡਿੰਗ ਲਈ ਏਅਰ ਟ੍ਰੈਫਿਕ ਕੰਟਰੋਲ ਸਿਗਨਲ ਜਾਂ ਕੋਈ ਹੋਰ ਸਹੂਲਤ ਨਹੀਂ ਮਿਲ ਸਕੀ। ਇਹ ਸਹੂਲਤ ਸਾਨੂੰ ਏਅਰਪੋਰਟ 'ਤੇ ਹੀ ਮਿਲਦੀ ਹੈ। ਹੈਲੀਪੈਡ ਬਿਲਕੁਲ ਵੀ ਨਜ਼ਰ ਨਹੀਂ ਆ ਰਿਹਾ ਸੀ, ਘੇਰਾ ਵੀ ਬਹੁਤ ਘੱਟ ਸੀ। ਮੈਂ ਆਪਣੀ ਯੋਗਤਾ ਦਾ ਪੂਰਾ ਇਸਤੇਮਾਲ ਕੀਤਾ ਅਤੇ ਸਹੀ ਜਗ੍ਹਾ 'ਤੇ ਉਤਰਿਆ। ਇਸ ਤੋਂ ਬਾਅਦ ਟੇਕਿੰਗ ਆਫ ਹੋਰ ਵੀ ਰੋਮਾਂਚਕ ਸੀ। ਇਸ ਮਾਮਲੇ 'ਚ ਖਾਸ ਗੱਲ ਇਹ ਹੈ ਕਿ ਇਸ ਜਹਾਜ਼ ਨੂੰ ਖਾਸ ਤੌਰ 'ਤੇ ਅਮਰੀਕੀ ਇੰਜੀਨੀਅਰ ਮਾਈਕ ਪੀਟ ਨੇ ਇਸ ਸਟੰਟ ਲਈ ਡਿਜ਼ਾਈਨ ਕੀਤਾ ਸੀ। ਫਿਊਲ ਟੈਂਕ ਨੂੰ ਅੱਗੇ ਦੀ ਬਜਾਏ ਪਿਛਲੇ ਪਾਸੇ ਰੱਖਿਆ ਗਿਆ ਸੀ। ਇਸ ਹੈਲੀਪੈਡ ਨੂੰ ਖਾਸ ਬਣਾਉਣ ਲਈ 2005 ਵਿਚ ਰੋਜਰ ਫੈਡਰਰ ਅਤੇ ਆਂਦਰੇ ਅਗਾਸੀ ਨੇ ਇੱਥੇ ਟੈਨਿਸ ਮੈਚ ਵੀ ਖੇਡਿਆ ਸੀ।

## ਹੈਮਿਲਟਨ ਜਿਮਨੀ ਚੋਣ ਦੌਰਾਨ ਐਨ ਡੀ ਪੀ ਬਾਜੀ ਮਾਰ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਸੂਬੇ ਦੀ ਹੈਮਿਲਟਨ ਸੈਂਟਰ ਸੀਟ ਉੱਤੇ ਹੋਈ ਜ਼ਿਮਨੀ ਚੋਣ ਵਿੱਚ ਓਨਟਾਰੀਓ ਐਨਡੀਪੀ ਦੀ ਉਮੀਦਵਾਰ ਸਾਰਾਹ ਜਾਮਾ ਵੱਲੋਂ ਜਿੱਤ ਦਰਜ ਕਰਵਾਈ ਗਈ ਹੈ। ਕਈ ਸਾਲਾਂ ਤੋਂ ਐਂਡਰੀਆ ਹੌਰਵਥ ਦੀ ਅਗਵਾਈ ਵਿੱਚ ਐਨਡੀਪੀ ਦੀ ਗੜ੍ਹ ਰਹੀ ਇਸ ਸੀਟ ਨੂੰ ਮੁੜ ਜਾਮਾ ਵੱਲੋਂ ਸਕਿਓਰ ਕਰ ਲਿਆ ਗਿਆ ਹੈ। ਲਿਬਰਲ ਉਮੀਦਵਾਰ ਡੇਅਰਡਰੇ ਪਾਈਕ, ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਪੀਟਰ ਵੀਜ਼ਨਰ, ਗ੍ਰੀਨ ਪਾਰਟੀ ਦੀ ਉਮੀਦਵਾਰ ਲੂਸੀਆ ਲੈਨਾਨਤੁ?ਨੋ ਤੇ ਛੇ ਹੋਰਨਾਂ ਨੂੰ ਮਾਤ ਦਿੰਦਿਆਂ ਜਾਮਾ ਨੇ 55 ਫੀ ਸਦੀ ਵੋਟਾਂ ਹਾਸਲ ਕਰਕੇ ਜਿੱਤ ਦਰਜ ਕਰਵਾਈ। ਕੁੱਝ ਮਾਮਲਿਆਂ ਵਿੱਚ ਆਲੋਚਨਾਂ ਦਾ ਸ਼ਿਕਾਰ ਹੋ ਚੁੱਕੀ ਜਾਮਾ ਦੇ ਜਿੱਤਣ ਦੀ ਉਮੀਦ ਪਹਿਲਾਂ ਹੀ ਕੀਤੀ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਓਨਟਾਰੀਓ ਵਿਧਾਨਸਭਾ ਵਿੱਚ 2004 ਤੋਂ ਹੀ ਹੈਮਿਲਟਨ ਸੈਂਟਰ ਦੀ ਨੁਮਾਇੰਦਗੀ ਹੌਰਵਥ ਵੱਲੋਂ ਕੀਤੀ ਜਾਂਦੀ ਰਹੀ ਹੈ। ਉਹ ਹਮੇਸ਼ਾਂ ਇਸ ਸੀਟ ਤੋਂ ਵੱਡੇ ਫਰਕ ਨਾਲ ਲਗਾਤਾਰ ਜਿੱਤਦੀ ਵੀ ਰਹੀ। ਪਰ ਪਿਛਲੇ ਸਾਲ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਵੱਲੋਂ ਵਧੀਆ ਕਾਰਗੁਜ਼ਾਰੀ ਨਾ ਵਿਖਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਇਸ ਸੀਟ ਤੋਂ ਤੇ ਆਪਣੇ ਲੀਡਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।
















# ਕੈਲਗਰੀ ਵਾਸੀ ਪਾਲ ਸੇਖੋਂ ਦੀ ਟੀਮ ਵੱਲੋਂ 11ਵਾਂ ਮੈਡੀਕਲ ਕੈਂਪ ਅਤੇ 5 ਧੀਆਂ ਦੇ ਆਨੰਦ ਕਾਰਜ ਕਰਵਾਏ ਗਏ



















ਭੈਣੀ ਬੜਿੰਗਾਂ(ਪੰਜਾਬੀ ਅਖ਼ਬਾਰ ਬਿਊਰੋ) ਪਿੰਡ ਭੈਣੀ ਬੜਿੰਗਾ (ਰਾਇਕੋਟ ) ਵਿਖੇ ਕੈਲਗਰੀ ਨਿਵਾਸੀ ਪਿੰਡ ਭੈਣੀ ਬੜਿੰਗਾ ਦੇ ਜੰਮਪਲ ਸ: ਪ੍ਰਿਤਪਾਲ ਸਿੰਘ ਜੀ ਪਾਲ ਸੇਖੋਂ ਅਤੇ ਸਮੁੱਚੀ ਟੀਮ ਵੱਲੋਂ 11ਵਾਂ ਮੈਡੀਕਲ ਕੈਂਪ 4 ਅਤੇ 5 ਮਾਰਚ 2023 ਨੂੰ ਲਗਾਇਆ ਗਿਆ ਅਤੇ 5 ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਆਨੰਦ ਕਾਰਜ ਕਰਵਾਏ ਗਏ । ਇਸ ਮੌਕੇ ਭਾਈ ਲਖਵਿੰਦਰ ਸਿੰਘ ਜੀ ਅਜਨਾਲੇ ਵਾਲਿਆਂ ਨੇ ਕੀਰਤਨ ਦੁਆਰਾ ਹਾਜਰੀ ਭਰੀ ਅਤੇ ਆਨੰਦ ਕਾਰਜ ਕਰਵਾਏ । ਸਮਾਗਮ ਦੀ ਸ਼ੁਰੂਆਤ ਮੌਕੇ ਪਿੰਡ ਦੇ ਹੀ ਪੰਚਾਇਤ ਘਰ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਯਾਦ ਨੂੰ ਸਮਰਪਿਤ ਪਬਲਿਕ ਲਾਇਬ੍ਰੇਰੀ ਸਥਾਪਤ ਕੀਤੀ ਗਈ ਜਿਸਦਾ ਉਦਘਾਟਨ ਪ੍ਰਾਈਮ ਏਸ਼ੀਆ ਟੀਵੀ ਦੇ ਪੱਤਰਕਾਰ ਸਵਰਨ ਟਹਿਣਾ , ਪਰਮਵੀਰ ਬਾਠ , ਕੈਲਗਰੀ ਨਿਵਾਸੀ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ , ਪੀ ਐਨ ਓ ਮੀਡੀਆ ਗਰੁੱਪ ਦੇ ਸੀ ਈ ਓ ਸੁਖਨੈਬ ਸਿੱਧੂ, ਪ੍ਰਭ ਕਲੇਰ ਰਈਆ, **ਦਰਸ਼ਨ ਸਿੰਘ ਧਾਲੀਵਾਲ**, ਜਰਨੈਲ ਤੱਗੜ ਅਤੇ ਹੋਰ ਨਾਮਵਰ ਹਸਤੀਆਂ ਨੇ ਕੀਤਾ। ਸਵਰਨ ਟਹਿਣਾ ਨੇ ਕਿਹਾ ਕਿ ਏਦਾਂ ਦੇ ਉਪਰਾਲਿਆਂ ਦੀ ਪਿੰਡ ਪਿੰਡ ਲੋੜ ਹੈ ਤਾਂ ਕਿ ਸਾਡੇ ਨੌਜਵਾਨ ਆਉਣ ਵਾਲੀ ਪੀੜ੍ਹੀ ਆਪਣੇ ਵਿਰਸੇ ਇਤਿਹਾਸ ਸਾਹਿਤ ਨਾਲ ਜੁੜ ਸਕੇ। ਉਨਾਂ ਨੇ ਸਾਰੇ ਹੀ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ । ਗੁਰਦੁਆਰਾ ਸਿੱਧਸਰ ਸਾਹਿਬ ਵਿਖੇ ਲੋੜਵੰਦ ਪਰਿਵਾਰਾਂ ਦੀਆਂ 5 ਧੀਆਂ ਦੇ ਅਨੰਦ ਕਾਰਜ ਹੋਏ । ਵਿਆਹੁਤਾ ਦੀਆਂ ਦੀ ਰੋਜਾਨਾ ਜ਼ਿੰਦਗੀ ਵਿੱਚ ਵਰਤੋਂ ਵਿੱਚ ਆਉਣ ਵਾਲਾ ਸਾਰਾ ਸਮਾਨ ਪੇਟੀਆਂ, ਸੋਫੇ,ਬੈੱਡ,ਸਿਲਾਈ ਮਸ਼ੀਨ,ਬਿਸਤਰੇ,ਭਾਂਡੇ,ਆਦਿ ਵੀ ਦਿੱਤਾ ਗਿਆ । ਸਮਾਗਮ ਵਿੱਚ ਪੁੱਜੀਆਂ ਸਨਮਾਨ ਯੋਗ ਹਸਤੀਆਂ ਦਾ ਸਨਮਾਨ ਕੀਤਾ ਗਿਆ। ਪੰਜ ਮਾਰਚ ਵਾਲੇ ਦਿਨ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਹੱਡੀਆਂ ਦੇ ਮਾਹਿਰ ਡਾਕਟਰ , ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ , ਪੱਥਰੀ ਵਿਭਾਗ , ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਨੇ ਕਰੀਬ 300 ਮਰੀਜਾਂ ਦਾ ਚੈੱਕਅੱਪ ਕੀਤਾ। ਦਵਾਈਆਂ ਅਤੇ ਐਨਕਾਂ ਫ੍ਰੀ ਦਿੱਤੀਆਂ ਗਈਆਂ । 19 ਮਰੀਜਾਂ ਦੇ ਅਪ੍ਰੇਸ਼ਨ ਕੀਤੇ ਗਏ । ਇਨਾਂ ਸਮਾਗਮਾਂ ਵਿੱਚ ਨਾਮਵਰ ਹਸਤੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਜਿਹਨਾਂ ਵਿੱਚ ਢਾਡੀ ਰਛਪਾਲ ਸਿੰਘ ਪਮਾਲ , ਸਰਪੰਚ ਨਾਥ ਸਿੰਘ , ਕਵੀਸ਼ਰ ਮਨਜੀਤ ਸਿੰਘ ਬੁਟਾਹਰੀ ,ਗੋਬਿੰਦ ਸਿੰਘ , ਗੁਰਦਿੱਤ ਸਿੰਘ ਖਾਲਸਾ ,ਸਵਰਨ ਟਹਿਣਾ , ਪਰਮਵੀਰ ਬਾਠ ,ਸੁਖਨੈਬ ਸਿੱਧੂ ,ਪ੍ਰਭ ਕਲੇਰ ਕੈਨੇਡਾ (ਰਈਆ ), ਜਰਨੈਲ ਤੱਗੜ , ਹਰਬੰਸ ਸਿੰਘ ਬੁੱਟਰ ਕੈਲਗਰੀ , ਭਾਈ ਲਖਵਿੰਦਰ ਸਿੰਘ ਅਜਨਾਲਾ ਦੇ ਨਾਂ ਸਾਮਿਲ ਹਨ। ਇਸ ਵੱਡੇ ਵੱਡਾ ਉੱਦਮ ਲਈ ਪਾਲ ਸੇਖੋਂ ਕੈਲਗਰੀ ਅਤੇ ਸਹਿਯੋਗੀ ਸੱਜਣ, ਨਗਰ ਨਿਵਾਸੀ,ਸਰਪੰਚ ਗੁਰਸੇਵਕ ਸਿੰਘ ਬੜਿੰਗ ਨਗਰ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਕਲੱਬਾਂ ਅਤੇ ਸਾਰੇ ਹੀ ਵਲੰਟੀਅਰਜ਼ ਵੀਰ ਰੁਪਿੰਦਰ ਸਿੰਘ ਕਾਲਖ਼, ਤਲਵਿੰਦਰ ਸਿੰਘ ਦਿੱਲੀ ਵਾਲੇ , ਗੁਰਦੀਪ ਸਿੰਘ ਦੋਲੋਂ , ਡਾਕਟਰ ਜਸਵੰਤ ਸਿੰਘ , ਚਮਕੌਰ ਸਿੰਘ ਭੋਲਾ , ਸੁਖਚੈਨ ਸਿੰਘ , ਪ੍ਰਧਾਨ ਕਰਮਜੀਤ ਸਿੰਘ ,ਗੋਪੀ ਬੜਿੰਗ,ਢਾਡੀ ਹਰਦੇਵ ਸਿੰਘ, ਕਰਮਜੀਤ ਸਿੰਘ ਟੇਲਰ ਮਾਸਟਰ,ਤਲਵਿੰਦਰ ਸਿੰਘ ਦਿੱਲੀ, ਗੁਰਪ੍ਰੀਤ ਸਿੰਘ ਚੀਮਾਂ,ਮਨਦੀਪ ਸਿੰਘ ਕਾਲਖ਼, ਇੰਦਰਜੀਤ ਸਿੰਘ ਕਾਲਖ਼ , ਇੰਦਰਵੀਰ ਸਿੰਘ , ਬਾਜੀ ਕਾਲਖ਼ ,ਆਤਮਾ ਸਿੰਘ ਕੁੱਸਾ ਅਤੇ ਸਾਰੇ ਹੀ ਸੇਵਾਵਾਂ ਨਿਭਾਉਣ ਵਾਲੇ ਵੀਰ ਵਧਾਈ ਦੇ ਪਾਤਰ ਹਨ।


ਗੱਲ ਤਾਂ ਹੈ ਈ
ਪਰਦੇ ਦੀ !
TWC
TIMELESS WINDOW
COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ
ਘਰ ਆਕੇ ਹੀ ਤੁਹਾਨੂੰ
ਡਿਜ਼ਾਈਨ ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ ।
E Mail: Info@twcoverings.com
Web: www.twcoverings.com
Timelesswindowcoverings
ਕਾਲ: 403 953 1000

# ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਦੇ ਕਬਜ਼ੇ ਵਾਲੇ ਸ਼ਹਿਰ ਮਾਰੀਓਪੋਲ ਦਾ ਅਚਨਚੇਤੀ ਦੌਰਾ ਕੀਤਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਦੇ ਕਬਜ਼ੇ ਵਾਲੇ ਬੰਦਰਗਾਹ ਸ਼ਹਿਰ ਮਾਰੀਓਪੋਲ ਦਾ ਅਚਾਨਕ ਦੌਰਾ ਕੀਤਾ। ਰੂਸ ਦੀਆਂ ਸਰਕਾਰੀ ਖ਼ਬਰ ਏਜੰਸੀਆਂ ਨੇ ਇਹ ਜਾਣਕਾਰੀ ਦਿੱਤੀ। ਪੂਤਿਨ ਦਾ ਮਾਰੀਓਪੋਲ ਦਾ ਇਹ ਪਹਿਲਾ ਦੌਰਾ ਹੈ ਜਿਸ 'ਤੇ ਰੂਸ ਨੇ ਸਤੰਬਰ ਵਿੱਚ ਕਬਜ਼ਾ ਕੀਤਾ ਸੀ। ਪੂਤਿਨ ਕਾਲਾ ਸਾਗਰ ਪ੍ਰਾਇਦੀਪ 'ਤੇ ਕਬਜ਼ੇ ਦੀ ਨੌਵੀਂ ਵਰ੍ਹੇਗੰਢ ਮੌਕੇ ਕ੍ਰੀਮੀਆ ਪਹੁੰਚੇ ਜੋ ਮਾਰੀ?ਪੋਲ ਤੋਂ ਕੁਝ ਹੀ ਦੂਰੀ 'ਤੇ ਸਥਿਤ ਹੈ।ਮਾਰੀ?ਪੋਲ 'ਚ ਪੂਤਿਨ ਨੂੰ ਸਥਾਨਕ ਲੋਕਾਂ ਨਾਲ ਗੱਲਬਾਤ ਕਰਦੇ ਦੇਖਿਆ ਗਿਆ ਅਤੇ ਉਨ੍ਹਾਂ ਕ੍ਰੀਮੀਆ 'ਚ ਇਕ ਆਰਟ ਸਕੂਲ ਅਤੇ ਬਾਲ ਕੇਂਦਰ ਦਾ ਦੌਰਾ ਵੀ ਕੀਤਾ। ਰੂਸੀ ਰਾਸ਼ਟਰਪਤੀ ਨੇ ਅਜਿਹੇ ਸਮੇਂ ਯੂਕਰੇਨ ਤੋਂ ਕਬਜ਼ੇ 'ਚ ਲਏ ਗਏ ਇਲਾਕੇ ਦਾ ਦੌਰਾ ਕੀਤਾ ਹੈ ਜਦੋਂ ਉਨ੍ਹਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਪੂਤਿਨ ਨੇ ਗ੍ਰਿਫ਼ਤਾਰੀ ਵਾਰੰਟ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਥੇ ਦੱਸਣਾ ਬਣਦਾ ਹੈ ਕਿ ਪੂਤਿਨ ਹੈਲੀਕਾਪਟਰ ਰਾਹੀਂ ਮਾਰੀਓਪੋਲ ਪੁੱਜੇ ਅਤੇ ਫਿਰ ਉਹ ਸ਼ਹਿਰ ਦੀਆਂ ਯਾਦਗਾਰਾਂ ਅਤੇ ਹੋਰ ਕਈ ਇਲਾਕਿਆਂ 'ਚ ਵੀ ਗਏ। ਰੂਸੀ ਚੈਨਲ ਨੇ ਪੂਤਿਨ ਨੂੰ ਇੱਕ ਨਵੇਂ ਬਣੇ ਰਿਹਾਇਸ਼ੀ ਕੰਪਲੈਕਸ ਦੇ ਬਾਹਰ ਸਥਾਨਕ ਲੋਕਾਂ ਨਾਲ ਗੱਲਬਾਤ ਕਰਦੇ ਦਿਖਾਇਆ ਹੈ। ਉਨ੍ਹਾਂ ਦੱਖਣੀ ਰੂਸੀ ਸ਼ਹਿਰ ਰੋਸਤੋਵ-ਆਨ-ਡੋਨ 'ਚ ਇੱਕ ਕਮਾਂਡ ਚੌਕੀ 'ਤੇ ਰੂਸੀ ਫ਼ੌਜੀ ਅਧਿਕਾਰੀਆਂ ਅਤੇ ਜਵਾਨਾਂ ਨਾਲ ਵੀ ਮੁਲਾਕਾਤ ਕੀਤੀ। ਉਧਰ ਯੂਕਰੇਨ ਨੇ ਰੂਸੀ ਰਾਸ਼ਟਰਪਤੀ ਦੇ ਮਾਰੀਓਪੋਲ ਦੌਰੇ ਦੇ ਸਬੰਧ ਵਿੱਚ ਆਖਿਆ ਕਿ ਅਕਸਰ ਅਪਰਾਧੀ ਅਪਰਾਧ ਕਰਨ ਵਾਲੀ ਥਾਂ ਉੱਪਰ ਜ਼ਰੂਰ ਪਰਤਦੇ ਹਨ।

# ਕੈਨੇਡਾ ਤੋਂ ਬਾਅਦ ਆਸਟ੍ਰੇਲੀਆ ਦਾ ਸਖ਼ਤ ਰੁਖ, ਪੰਜਾਬ ਦੇ ਵਿੱਦਿਆਰਥੀਆਂ ਦੀਆਂ ਵੀਜ਼ਾ ਅਰਜੀਆਂ ਰੱਦ

ਸਿਡਨੀ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਤੋਂ ਬਾਅਦ ਹੁਣ ਆਸਟ੍ਰੇਲੀਆ ਨੇ ਭਾਰਤੀ ਵਿੱਦਿਆਰਥੀਆਂ ਨੂੰ ਝਟਕਾ ਦਿੱਤਾ ਹੈ। ਆਸਟ੍ਰੇਲੀਆਈ ਅਧਿਕਾਰੀਆਂ ਅਤੇ ਯੂਨੀਵਰਸਿਟੀਆਂ ਕਥਿਤ ਤੌਰ 'ਤੇ ਭਾਰਤੀ ਰਾਜਾਂ ਪੰਜਾਬ ਅਤੇ ਹਰਿਆਣਾ ਦੇ ਵਿੱਦਿਆਰਥੀਆਂ ਦੀਆਂ ਅਰਜ਼ੀਆਂ ਨੂੰ ਰੱਦ ਕਰ ਰਹੇ ਹਨ। ਟਾਈਮਜ਼ ਹਾਇਰ ਅ' ਨੇ ਇਹ ਜਾਣਕਾਰੀ ਦਿੱਤੀ। ਕੁਝ ਯੂਨੀਵਰਸਿਟੀਆਂ ਅਤੇ ਵੋਕੇਸ਼ਨਲ ਕੋਰਸ ਪ੍ਰਦਾਤਾਵਾਂ ਨੇ ਆਪਣੇ ਏਜੰਟਾਂ ਨੂੰ ਇਨ੍ਹਾਂ 2 ਉੱਤਰੀ ਰਾਜਾਂ ਦੇ ਵਿੱਦਿਆਰਥੀਆਂ ਦੇ ਅਰਜ਼ੀ ਫ਼ਾਰਮ ਦੀ ਪ੍ਰਕਿਰਿਆ ਨੂੰ ਰੋਕਣ ਲਈ ਨਿਰਦੇਸ ਦਿੱਤੇ ਹਨ।

ਰਿਪੋਰਟ ਵਿੱਚ ਕਿਹਾ ਗਿਆ ਕਿ ਗ੍ਰਹਿ ਮਾਮਲਿਆਂ ਦੇ ਵਿਭਾਗ (ਡੀ.ਐੱਚ. ਏ.) ਦੇ ਆਸਟ੍ਰੇਲੀਆਈ ਅਧਿਕਾਰੀਆਂ ਨੇ ਅੰਤਰਰਾਸ਼ਟਰੀ ਸਿੱਖਿਆ ਸੰਚਾਲਕਾਂ ਨੂੰ 'ਘੱਟ-ਗੁਣਵੱਤਾ ਵਾਲੀਆਂ ਐਪਲੀਕੇਸ਼ਨਾਂ' ਦੀ ਵੱਧ ਰਹੀ ਗਿਣਤੀ ਬਾਰੇ ਚਿਤਾਵਨੀ ਦਿੱਤੀ ਸੀ। ਹਾਲਾਂਕਿ ਡੀ.ਐੱਚ.ਏ. ਨੇ ਕਿਹਾ ਹੈ ਕਿ ਉਹ ਗੁਜਰਾਤ, ਹਰਿਆਣਾ ਜਾਂ ਪੰਜਾਬ ਤੋਂ ਵਿੱਦਿਆਰਥੀ ਵੀਜ਼ਾ ਅਰਜ਼ੀਆਂ ਦੀ ਜਾਂਚ ਨਹੀਂ ਕਰ ਰਹੇ ਹਨ। ਡੀ.ਐੱਚ.ਏ. ਮੁਤਾਬਕ "ਉਹ ਅਜੇ ਵੀ ਸਰਕਾਰ ਤੋਂ ਇਸ ਬਾਰੇ ਹੋਰ ਜਾਣਕਾਰੀ ਦੀ ਉਡੀਕ ਕਰ ਰਹੇ ਹਨ ਕਿ ਇਨ੍ਹਾਂ ਰਾਜਾਂ ਤੋਂ ਵੀਜ਼ਾ ਇਨਕਾਰ ਇੰਨੇ ਜ਼ਿਆਦਾ ਕਿਉਂ ਹੋਏ। ਜੇਕਰ ਵਿੱਦਿਆਰਥੀ ਇਨ੍ਹਾਂ ਖੇਤਰਾਂ ਤੋਂ ਅਪਲਾਈ ਕਰਦੇ ਹਨ ਅਤੇ ਉਹਨਾਂ ਦੇ ਵੀਜੇ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਭਵਿੱਖ ਵਿੱਚ ਕੋਈ ਵੀਜ਼ਾ ਅਰਜ਼ੀਆਂ ਖ਼ਤਰੇ ਵਿੱਚ ਪੈ ਸਕਦੀਆਂ ਹਨ। ਇਸ ਦੌਰਾਨ ਕੈਨੇਡੀਅਨ ਅਥਾਰਟੀ ਨੇ ਕਥਿਤ ਤੌਰ 'ਤੇ 700 ਤੋਂ ਵੱਧ ਭਾਰਤੀ ਵਿੱਦਿਆਰਥੀਆਂ ਨੂੰ ਜਾਅਲੀ 'ਦਾਖਲਾ ਪੇਸ਼ਕਸ਼ ਪੱਤਰਾਂ' ਦੇ ਮਾਮਲਿਆਂ ਵਿੱਚ ਭਾਰਤ ਪਰਤਣ ਲਈ ਕਿਹਾ ਹੈ।

ਇਸ ਤੋਂ ਪਹਿਲਾਂ ਮਾਰਚ ਵਿੱਚ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਦੇ ਦੇਸ਼ ਵਿੱਚ ਭਾਰਤੀ ਡਿਗਰੀਆਂ ਨੂੰ ਮਾਨਤਾ ਦਿੱਤੀ ਜਾਵੇਗੀ। ਅਲਬਾਨੀਜ਼ ਨੇ ਇਸ ਮਹੀਨੇ ਆਪਣੀ ਭਾਰਤ ਫ਼ੇਰੀ ਦੌਰਾਨ ਕਿਹਾ ਸੀ ਕਿ "ਜੇ ਤੁਸੀਂ ਭਾਰਤੀ ਵਿੱਦਿਆਰਥੀ ਹੋ ਜੋ ਆਸਟ੍ਰੇਲੀਆ ਵਿੱਚ ਪੜ੍ਹ ਰਿਹਾ ਹੈ ਜਾਂ ਪੜ੍ਹਾਈ ਕਰ ਚੁੱਕਾ ਹੈ, ਤਾਂ ਤੁਹਾਡੀ ਮਿਹਨਤ ਨਾਲ ਕੀਤੀ ਡਿਗਰੀ ਨੂੰ ਤੁਹਾਡੇ ਘਰ ਵਾਪਸ ਜਾਣ 'ਤੇ ਮਾਨਤਾ ਦਿੱਤੀ ਜਾਵੇਗੀ। ਜਾਂ ਜੇਕਰ ਤੁਸੀਂ ਆਸਟ੍ਰੇਲੀਆ ਦੇ ਬਹੁਤ ਵੱਡੇ ਭਾਰਤੀ ਡਾਇਸਪੋਰਾ ਦੇ ਮੈਂਬਰ ਹੋ ਤਾਂ ਤੁਸੀਂ ਹੋਰ ਭਰੋਸਾ ਮਹਿਸੂਸ ਕਰੋ ਕਿ ਤੁਹਾਡੀ ਭਾਰਤੀ ਯੋਗਤਾ ਨੂੰ ਆਸਟ੍ਰੇਲੀਆ ਵਿੱਚ ਮਾਨਤਾ ਦਿੱਤੀ ਜਾਵੇਗੀ।"

**ਕੈਨੇਡਾ ਨੇ ਡਿਪੋਰਟ ਕੀਤੇ ਪੰਜਾਬੀ ਵਿੱਦਿਆਰਥੀ**

ਇਹ ਦੱਸਿਆ ਗਿਆ ਹੈ ਕਿ ਸੀ.ਬੀ.ਐੱਸ.ਏ. ਅਧਿਕਾਰੀ ਪੀੜਤਾਂ ਦੇ ਨਿਰਦੋਸ਼ ਹੋਣ ਦੇ ਦਾਅਵਿਆਂ ਨੂੰ ਸਵੀਕਾਰ ਨਹੀਂ ਕਰ ਰਹੇ ਹਨ। ਉਹ ਇਹ ਸਾਬਤ ਕਰਨ ਲਈ ਕੋਈ ਸਬੂਤ ਦੇਖਣ ਤੋਂ ਅਸਮਰੱਥ ਹਨ ਕਿ ਸਿੱਖਿਆ ਏਜੰਟ ਨੇ ਸਾਰੇ ਦਸਤਾਵੇਜ਼ ਤਿਆਰ ਕੀਤੇ ਅਤੇ ਪ੍ਰਬੰਧ ਕੀਤੇ। ਇਸ ਤੋਂ ਇਲਾਵਾ ਉਹ ਕੈਨੇਡੀਅਨ ਵੀਜ਼ਾ ਅਧਿਕਾਰੀਆਂ ਦੀ ਅਸਫ਼ਲਤਾ ਨੂੰ ਵੀ ਸਵੀਕਾਰ ਨਹੀਂ ਕਰ ਰਹੇ ਹਨ, ਜਿਨ੍ਹਾਂ ਨੇ ਵੀਜ਼ਾ ਜਾਰੀ ਕੀਤਾ ਅਤੇ ਇਨ੍ਹਾਂ ਵਿੱਦਿਆਰਥੀਆਂ ਨੂੰ ਦੇਸ਼ ਵਿੱਚ ਦਾਖਲ ਹੋਣ ਦੀ ਆਗਿਆ ਦਿੱਤੀ। ਟੌਰੰਟੋ ਯੂਨੀਵਰਸਿਟੀਜ਼ ਨੇ ਦੱਸਿਆ ਕਿ ਉਹ ਇਨ੍ਹਾਂ ਰਾਜਾਂ ਤੋਂ ਸਿਰਫ਼ ਬਹੁਤ ਮਜ਼ਬੂਤ ਅਰਜ਼ੀਆਂ 'ਤੇ ਵਿੱਚਾਰ ਕਰ ਰਹੀ ਹੈ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਕੈਨੇਡੀਅਨ ਬਾਰਡਰ ਸਕਿਓਰਟੀ ਏਜੰਸੀ (ਸੀ.ਬੀ.ਐੱਸ.ਏ.) ਨੇ ਕਿਹਾ ਕਿ ਇਨ੍ਹਾਂ ਵਿੱਦਿਆਰਥੀਆਂ ਨੂੰ ਮਾਈਗ੍ਰੇਸ਼ਨ ਏਜੰਟ ਦੁਆਰਾ ਪ੍ਰਦਾਨ ਕੀਤੇ ਗਏ ਵਿਦਿਅਕ ਅਦਾਰਿਆਂ ਤੋਂ ਦਾਖਲਾ ਪੇਸ਼ਕਸ਼ ਪੱਤਰ ਜਾਅਲੀ ਪਾਏ ਗਏ ਸਨ। ਵਿੱਦਿਆਰਥੀ ਲੱਗਭਗ 3 ਸਾਲ ਪਹਿਲਾਂ ਕੈਨੇਡਾ ਗਏ ਸਨ ਅਤੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ 'ਤੇ ਕੈਨੇਡੀਅਨ ਕੰਮ ਦਾ ਤਜਰਬਾ ਹਾਸਲ ਕੀਤਾ। ਹਾਲਾਂਕਿ ਸੀ.ਬੀ.ਐੱਸ.ਏ. ਦੀ ਪੜਤਾਲ ਦੌਰਾਨ ਵਿੱਦਿਆਰਥੀਆਂ ਦੇ ਔਫ਼ਰ ਲੈਟਰ ਜਾਅਲੀ ਪਾਏ ਗਏ। ਇਸ ਮੁੱਦੇ 'ਤੇ ਤਾਜ਼ਾ ਘਟਨਾਕ੍ਰਮ 'ਚ ਕੈਨੇਡਾ ਸਥਿਤ ਫ਼ਰੈਂਡਜ ਆੱਫ ਕੈਨੇਡਾ ਐਂਡ ਇੰਡੀਆ ਫ਼ਾਊਂਡੇਸ਼ਨ ਇਨ੍ਹਾਂ ਵਿੱਦਿਆਰਥੀਆਂ ਦੇ ਸਮਰਥਨ 'ਚ ਸਾਹਮਣੇ ਆਈ ਹੈ।

# ਅਮਰੀਕਾ ਨੇ ਕਿਹਾ ਕਿ ਅਰੁਣਾਚਲ ਭਾਰਤ ਦਾ ਅਨਿੱਖੜਵਾਂ ਅੰਗ ਹੈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਨੇ ਅਰੁਣਾਚਲ ਪ੍ਰਦੇਸ਼ ਅਤੇ ਚੀਨ ਦਰਮਿਆਨ ਮੈਕਮੋਹਨ ਰੇਖਾ ਨੂੰ ਅੰਤਰਰਾਸ਼ਟਰੀ ਸਰਹੱਦ ਵੱਜੋਂ ਮਾਨਤਾ ਦਿੱਤੀ ਹੈ। ਅਮਰੀਕੀ ਸੈਨੇਟ ਵਿੱਚ ਪਾਸ ਕੀਤੇ ਮਤੇ ਵਿੱਚ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਦੱਸਿਆ ਗਿਆ ਹੈ। ਬਿੱਲ ਨੂੰ ਸੈਨੇਟ (ਉੱਪਰ ਸਦਨ) ਵਿੱਚ ਲਿਆਉਣ ਵਾਲੇ ਸੰਸਦ ਮੈਂਬਰ ਬਿਲ ਹੈਗਰਟੀ ਅਤੇ ਜੈਫ ਮਰਕਲੇ ਨੇ ਕਿਹਾ- ਚੀਨ ਲਗਾਤਾਰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਖਤਰਾ ਪੈਦਾ ਕਰ ਰਿਹਾ ਹੈ। ਅਜਿਹੇ 'ਚ ਜ਼ਰੂਰੀ ਹੈ ਕਿ ਅਮਰੀਕਾ ਆਪਣੇ ਰਣਨੀਤਕ ਭਾਈਵਾਲ ਅਤੇ ਖਾਸ ਕਰਕੇ ਭਾਰਤ ਦੇ ਨਾਲ ਖੜ੍ਹਾ ਹੋਵੇ। ਉਨ੍ਹਾਂ ਕਿਹਾ- ਇਹ ਬਿੱਲ ਸਪੱਸ਼ਟ ਤੌਰ 'ਤੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਹਿੱਸਾ ਮੰਨਦਾ ਹੈ। ਚੀਨ ਅਸਲ ਕੰਟਰੋਲ ਰੇਖਾ 'ਤੇ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਅਸੀਂ ਇਸ ਦੀ ਨਿੰਦਾ ਕਰਦੇ ਹਾਂ। ਅਸੀਂ ਲਗਾਤਾਰ ਭਾਰਤ ਅਤੇ ਗੁਆਂਡੀ ਦੇਸ਼ਾਂ ਦੇ ਨਾਲ ਆਪਣੀ ਭਾਈਵਾਲੀ ਵਧਾਉਣ ਦੇ ਪੱਖ ਵਿੱਚ ਹਾਂ, ਤਾਂ ਜੋ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ ਬਣਾਈ ਜਾ ਸਕੇ।ਇਸ ਮਤੇ 'ਚ ਅਮਰੀਕਾ ਨੇ ਅਸਲ ਕੰਟਰੋਲ ਰੇਖਾ (ਐੱਲ ਓ ਸੀ) 'ਤੇ ਚੀਨ ਦੇ ਉਕਸਾਵੇ ਦੀ ਨਿੰਦਾ ਕੀਤੀ ਹੈ। ਉਸ ਨੇ ਚੀਨ ਵੱਲੋਂ ਫ਼ੌਜੀ ਤਾਕਤ ਦੀ ਵਰਤੋਂ, ਵਿਵਾਦਤ ਇਲਾਕੇ ਵਿੱਚ ਪਿੰਡਾਂ ਦੀ ਸਥਾਪਨਾ ਕਰਨ, ਸਥਾਨਕ ਸ਼ਹਿਰਾਂ ਦੇ ਨਾਂ ਮੈਂਡਰਿਨ (ਚੀਨੀ ਭਾਸ਼ਾ) ਵਿੱਚ ਰੱਖਣ ਅਤੇ ਨਕਸ਼ੇ ਪ੍ਰਕਾਸ਼ਿਤ ਕਰਨ ਦੀ ਵੀ ਨਿਖੇਧੀ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਭੂਟਾਨ ਦੇ ਕਈ ਇਲਾਕਿਆਂ ਨੂੰ ਚੀਨ ਦਾ ਹਿੱਸਾ ਦੱਸਣ ਦੀ ਵੀ ਨਿਖੇਧੀ ਕੀਤੀ ਗਈ ਹੈ

## 28 ਮਾਰਚ ਨੂੰ ਪੇਸ਼ ਹੋ ਰਹੇ ਫ਼ੈਡਰਲ ਬਜਟ ਵਿਚ ਟੈਕਸਾਂ 'ਚ ਕਟੌਤੀ ਕਰੇ ਟਰੂਡੋ ਸਰਕਾਰ - ਪੀਅਰੇ ਪੋਲੀਵਰ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ 'ਚ ਅਰਥਚਾਰੇ ਵਿਗੜੇ ਹੋਏ ਹਾਲਤ ਸਬੰਧੀ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਆਖਿਆ ਕਿ ਆਉਣ ਵਾਲੇ ਫੈਡਰਲ ਬਜਟ ਵਿੱਚ ਟੈਕਸਾਂ ਵਿੱਚ ਕਟੌਤੀ ਕੀਤੀ ਜਾਣੀ ਚਾਹੀਦੀ ਹੈ, ਖਰਚਿਆਂ ਉੱਤੇ ਰੋਕ ਲੱਗਣੀ ਚਾਹੀਦੀ ਹੈ ਤੇ ਨਵੇਂ ਘਰ ਬਣਾਉਣਾ ਸਭ ਦੀ ਪਹੁੰਚ ਵਿੱਚ ਹੋਣਾ ਚਾਹੀਦਾ ਹੈ। 28 ਮਾਰਚ ਨੂੰ ਪਾਰਲੀਆਮੈਂਟ ਵਿੱਚ ਪੇਸ਼ ਕੀਤੇ ਜਾਣ ਵਾਲੇ ਬਜਟ ਤੋਂ ਪਹਿਲਾਂ ਪੌਲੀਏਵਰ ਨੇ ਬਜਟ ਸਬੰਧੀ ਆਪਣੀ ਪਾਰਟੀ ਦੀਆਂ ਤਰਜੀਹਾਂ ਬਾਰੇ ਜਾਣਕਾਰੀ ਦਿੱਤੀ। ਉਨਾਂ ਦੋਸ਼ ਲਾਇਆ ਕਿ ਇਹ ਮਹਿੰਗਾਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕਾਰਨ ਹੀ ਵਧੀ ਹੈ ਤੇ ਉਨ੍ਹਾਂ ਕਰਕੇ ਹੀ ਕੈਨੇਡੀਅਨ ਅੱਜ ਆਪਣੀਆਂ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਤੇ ਆਪਣੇ ਪਰਿਵਾਰਾਂ ਲਈ ਘਰ ਬਣਾਉਣ ਤੋਂ ਅਸਮਰੱਥ ਹਨ।

# ਅੰਤਰਰਾਸ਼ਟਰੀ ਅਦਾਲਤ ਨੇ ਪੂਤਿਨ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਇੰਟਰਨੈਸ਼ਨਲ ਕ੍ਰਿਮੀਨਲ ਕੋਰਟ (ਆਈਸੀਸੀ) ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਖਿਲਾਫ ਯੂਕਰੇਨ ਵਿੱਚ ਜੰਗੀ ਅਪਰਾਧਾਂ ਲਈ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ। ਅਦਾਲਤ ਨੇ ਕਿਹਾ ਕਿ ਪੂਤਿਨ ਯੂਕਰੇਨੀ ਬੱਚਿਆਂ ਨੂੰ ਅਗਵਾ ਕਰਨ ਅਤੇ ਦੇਸ਼ ਨਿਕਾਲਾ ਦੇਣ ਦੇ ਅਪਰਾਧ ਲਈ ਜ਼ਿੰਮੇਵਾਰ ਹੈ।ਇਸ ਤੋਂ ਇਲਾਵਾ ਰੂਸ ਦੇ ਹੋਰ ਕਈ ਜਣਿਆਂ ਲਈ ਵੀ ਵਾਰੰਟ ਜਾਰੀ ਕੀਤੇ ਗਏ ਹਨ। ?ਧਰ ਯੂਕਰੇਨ ਨੇ ਆਖਿਆ ਹੈ ਕਿ ਇਹ ਤਾਂ ਅਜੇ ਸ਼ੁਰੂਆਤ ਹੈ।

# ਪੰਜਾਬ ਪੁਲੀਸ ਦਾ ਦਾਅਵਾ : ਅੰਮ੍ਰਿਤਪਾਲ ਤਿਆਰ ਕਰ ਰਿਹਾ ਸੀ ਮਨੁੱਖੀ ਬੰਬ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਖ਼ਾਲਿਸਤਾਨ ਸਮਰਥਕ ਅਤੇ ਵਾਰਿਸ ਪੰਜਾਬ ਦੇ ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਬਾਰੇ ਖੁਫ਼ੀਆ ਏਜੰਸੀਆਂ ਨੇ ਵੱਡਾ ਦਾਅਵਾ ਕੀਤਾ ਹੈ। ਖ਼ੁਫ਼ੀਆ ਡੋਜ਼ੀਅਰ ਅਨੁਸਾਰ, ਅੰਮ੍ਰਿਤਪਾਲ ਨਸ਼ਾ ਛੁਡਾਊ ਕੇਂਦਰਾਂ ਅਤੇ ਗੁਰਦੁਆਰੇ ਦੀ ਵਰਤੋਂ ਹਥਿਆਰਾਂ ਦਾ ਭੰਡਾਰ ਕਰਨ ਅਤੇ ਨੌਜਵਾਨਾਂ ਨੂੰ ਆਤਮਘਾਤੀ ਹਮਲਿਆਂ ਲਈ ਤਿਆਰ ਕਰਨ ਲਈ ਕਰਦਾ ਸੀ। ਇਸ ਸੂਚਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਵੀ ਰੈੱਡ ਅਲਰਟ 'ਤੇ ਆ ਗਈਆਂ ਹਨ।



**ਕਰ ਰਿਹਾ ਸੀ ਨੌਜਵਾਨਾਂ ਦਾ ਬ੍ਰੇਨਵਾਸ਼**

ਵੱਖ-ਵੱਖ ਸੁਰੱਖਿਆ ਏਜੰਸੀਆਂ ਦੇ ਇਨਪੁਟਸ ਨਾਲ ਤਿਆਰ ਕੀਤੇ ਗਏ ਇੱਕ ਮੋਟੇ ਡੋਜ਼ੀਅਰ 'ਚ ਦਾਅਵਾ ਕੀਤਾ ਗਿਆ ਹੈ ਕਿ ਅੰਮ੍ਰਿਤਪਾਲ ਮੁੱਖ ਤੌਰ 'ਤੇ ਮਨੁੱਖੀ ਬੰਬ (ਖਾੜਕੂ) ਬਣਾਉਣ ਲਈ ਨੌਜਵਾਨਾਂ ਦੀ ਬ੍ਰੇਨਵਾਸ਼ ਕਰਨ 'ਚ ਲੱਗਾ ਹੋਇਆ ਸੀ। ਉਹ ਪਿਛਲੇ ਸਾਲ ਕਥਿਤ ਤੌਰ 'ਤੇ ਪਾਕਿਸਤਾਨ ਦੀ ਅਤੇ ਵਿਦੇਸ਼ਾਂ 'ਚ ਰਹਿ ਰਹੇ ਖ਼ਾਲਿਸਤਾਨ ਸਮਰਥਕਾਂ ਦੇ ਇਸ਼ਾਰੇ 'ਤੇ ਦੁਬਈ ਤੋਂ ਪਰਤਿਆ ਸੀ। ਪੰਜਾਬ ਪੁਲੀਸ ਨੇ ਉਸ ਦੀ ਅਗਵਾਈ ਵਾਲੀ ਵਾਰਿਸ ਪੰਜਾਬ ਦੇ 112 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਹਾਲਾਂਕਿ ਅੰਮ੍ਰਿਤਪਾਲ ਅਜੇ ਪੁਲੀਸ ਦੀ ਗ੍ਰਿਫ਼ਤ ਤੋਂ ਹਾਲੇ ਤਕ ਬਾਹਰ ਹੈ। ਇਸ ਦੇ ਨਾਲ ਹੀ ਉਸ ਦੇ ਚਾਚਾ ਅਤੇ ਡਰਾਇਵਰ ਨੇ ਪੰਜਾਬ ਪੁਲੀਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ।ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਨੇ ਇੱਕ ਖਾੜਕੂ ਜਥੇਬੰਦੀ ਫ਼ੌਜ ਆਨੰਦਪੁਰ ਖ਼ਾਲਸਾ ਫ਼ਰੰਟ (AKF) ਵੀ ਤਿਆਰ ਕੀਤੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਪੁਲੀਸ ਨੇ ਉਸ ਦੇ ਟਿਕਾਣੇ 'ਤੇ ਛਾਪਾ ਮਾਰਿਆ ਤਾਂ ਉਸ ਦੇ ਟਿਕਾਣੇ ਤੋਂ ਕਈ ਹਥਿਆਰ ਅਤੇ ਗੋਲਾ ਬਾਰੂਦ ਜ਼ਬਤ ਕੀਤਾ ਗਿਆ ਜਦੋਂ ਕਿ ਪੁਲੀਸ ਦੀਆਂ ਵਰਦੀਆਂ ਅਤੇ ਜੈਕਟਾਂ ਵੀ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਕੱਟੜਪੰਥੀ ਸਿੱਖ ਪ੍ਰਚਾਰਕ ਦੀ ਕਾਰ ਵਿੱਚੋਂ ਬਰਾਮਦ ਹੋਏ ਹਥਿਆਰਾਂ 'ਤੇ AKF ਲਿਖਿਆ ਹੋਇਆ ਸੀ।ਪੁਲੀਸ ਦਾ ਦਾਅਵਾ ਹੈ ਕਿ ਅੰਮ੍ਰਿਤਪਾਲ ਨਸ਼ਾ ਛੁਡਾਊ ਕੇਂਦਰਾਂ 'ਚ ਦਾਖਲ ਨੌਜਵਾਨਾਂ ਨੂੰ ਗੰਨ ਕਲਚਰ ਵੱਲ ਧੱਕਣਾ ਚਾਹੁੰਦਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮਾਰੇ ਗਏ ਖਾੜਕੂ ਦਿਲਾਵਰ ਸਿੰਘ ਵਾਲਾ ਰਾਹ ਚੁਣਨ ਲਈ ਨੌਜਵਾਨਾਂ ਦਾ ਵੀ ਬ੍ਰੇਨਵਾਸ਼ ਕੀਤਾ ਜਾ ਰਿਹਾ ਸੀ। ਦਿਲਾਵਰ ਸਿੰਘ ਨੇ ਮਨੁੱਖੀ ਬੰਬ ਵਜੋਂ ਕੰਮ ਕੀਤਾ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰ ਦਿੱਤੀ।











